# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 27.08.2021 ਨੂੰ ਸਵੇਰੇ 11.00 ਵਜੇ

ਅੱਜ ਮਿਤੀ 27.08.2021 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਸ਼ੈਰੀ ਗੋਇਲ | 7 | ਕੌਂਸਲਰ |
| 8 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 9 | ਵੀਰਪਾਲ ਕੋਰ | 9 | ਕੌਂਸਲਰ |
| 10 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 11 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 12 | ਗੁਰਦੇਵ ਕੋਰ | 13 | ਕੌਂਸਲਰ |
| 13 | ਵਿਵੇਕ ਗਰਗ | 14 | ਕੌਂਸਲਰ |
| 14 | ਬਲਰਾਜ ਸਿੰਘ | 16 | ਕੌਂਸਲਰ |
| 15 | ਸ਼ੀਲਾ ਰਾਣੀ | 19 | ਕੌਂਸਲਰ |
| 16 | ਮੱਖਣ ਸਿੰਘ | 20 | ਕੌਂਸਲਰ |
| 17 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 18 | ਸੁਰੇਸ਼ ਕੁਮਾਰ | 22 | ਕੌਂਸਲਰ |
| 19 | ਕਿਰਨ ਰਾਣੀ | 23 | ਕੌਂਸਲਰ |
| 20 | ਸ਼ਾਮ ਲਾਲ ਗਰਗ | 24 | ਕੌਂਸਲਰ |
| 21 | ਕਮਲਜੀਤ ਕੋਰ | 25 | ਕੌਂਸਲਰ |
| 22 | ਸੰਦੀਪ ਕੁਮਾਰ | 26 | ਕੌਂਸਲਰ |
| 23 | ਉਸ਼ਾ ਗੋਇਲ | 27 | ਕੌਂਸਲਰ |
| 24 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 25 | ਰੀਨਾ ਗੁਪਤਾ | 29 | ਕੌਂਸਲਰ |
| 26 | ਬਲਜਿੰਦਰ ਸਿੰਘ | 30 | ਕੌਂਸਲਰ |
| 27 | ਪ੍ਰਵੀਨ ਗਰਗ | 31 | ਕੌਂਸਲਰ |
| 28 | ਉਮੇਸ਼ ਗਰਗ | 32 | ਕੌਂਸਲਰ |
| 29 | ਨੇਹਾ | 33 | ਕੌਂਸਲਰ |
| 30 | ਜਸਵੀਰ ਸਿੰਘ | 34 | ਕੌਂਸਲਰ |
| 31 | ਹਰਵਿੰਦਰ ਸਿੰਘ | 36 | ਕੌਂਸਲਰ |
| 32 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 33 | ਪੁਸ਼ਪਾ ਰਾਣੀ | 39 | ਕੌਂਸਲਰ |
| 34 | ਕੁਲਵਿੰਦਰ ਕੋਰ | 41 | ਕੌਂਸਲਰ |
| 35 | ਅਨੀਤਾ ਗੋਇਲ | 43 | ਕੌਂਸਲਰ |
| 36 | ਇੰਦਰਜੀਤ ਸਿੰਘ | 44 | ਕੌਂਸਲਰ |
| 37 | ਰਾਜ ਰਾਣੀ | 45 | ਕੌਂਸਲਰ |
| 38 | ਰਤਨ ਰਾਹੀ | 46 | ਕੌਂਸਲਰ |
| 39 | ਮਮਤਾ | 47 | ਕੌਂਸਲਰ |
| 40 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 41 | ਕਮਲੇਸ਼ ਮਹਿਰਾ | 49 | ਕੌਂਸਲਰ |

*ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।*

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 12.07.2021 ਦੀ ਕਾਰਵਾਈ ਦੀ ਪਕਿਆਈ।

| **ਮਤਾ ਨੰਬਰ 33:** | **ਮੀਟਿੰਗ ਮਿਤੀ 12.07.2021 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |
|---|---|

ਏਜੰਡਾ ਨੰਬਰ 2 :

ਰਿਪੋਰਟ ਬਿਲਡਿੰਗ ਸ਼ਾਖਾ ਕਿ ਟੀ.ਪੀ. ਸਕੀਮਾਂ ਵਿਖੇ 40' ਸੜਕਾਂ ਨੂੰ ਵਪਾਰਕ ਘੋਸ਼ਿਤ ਕਰਨ ਲਈ ਨਿਗਮ ਹਾਊਸ ਦੀ ਮੀਟਿੰਗ ਵਿੱਚ ਮਿਤੀ 18/10/2017 ਵਿੱਚ ਮਤਾ ਨੰਬਰ 76 ਰਾਹੀਂ ਪੈਂਦੀਆਂ ਸੜਕਾਂ ਨੂੰ ਨਿਯਮਾਂ ਅਨੁਸਾਰ ਵਪਾਰਕ ਘੋਸ਼ਿਤ ਕਰਨ ਲਈ 6 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵੱਲੋਂ ਸੀਨੀਅਰ ਡਿਪਟੀ ਮੇਅਰ ਦੀ ਪ੍ਰਧਾਨਗੀ ਹੇਠ ਮੀਟਿੰਗਾ ਕਰਨ ਉਪਰੰਤ ਮਿਤੀ 20/12/2017 ਨੂੰ ਸਰਵ-ਸੰਮਤੀ ਨਾਲ ਵਿਸਥਾਰਪੂਰਵਕ ਰਿਪੋਰਟ ਕੀਤੀ ਗਈ ਸੀ ਕਿ ਟੀ.ਪੀ. ਸਕੀਮਾਂ ਵਿੱਚ 60' ਤੋਂ ਘੱਟ ਚੌੜੀਆ ਸੜਕਾਂ ਸੀ.ਐਲ.ਯੂ ਡਿਕਲੇਅਰ ਕਰਨ ਹਿੱਤ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਲਈ ਤਜਵੀਜ ਕੀਤੀਆ ਜਾਂਦੀਆ ਹਨ। ਇਹ ਰਿਪੋਰਟ ਉਸ ਸਮੇਂ ਨਿਗਮ ਹਾਊਸ ਵਿੱਚ ਨਹੀਂ ਰੱਖੀ ਗਈ।

ਹੁਣ ਸ੍ਰੀ ਸਨਾਤਨ ਧਰਮ ਮਹਾਂਬੀਰ ਦਲ ਵੱਲੋਂ ਇਹ ਰਿਪੋਰਟ ਮਤੇ ਦੇ ਰੂਪ ਵਿੱਚ ਮੁੜ ਵਿਚਾਰਨ ਲਈ ਬੇਨਤੀ ਕੀਤੀ ਹੈ। ਇਸ ਮਸਲੇ ਤੇ ਵਿਚਾਰ ਤੇ ਪੜਤਾਲ ਕਰਨ ਲਈ ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 16/11/2020 ਨੂੰ ਨਿਗਰਾਨ ਇੰਜੀਨੀਅਰ, ਦੋਵੇਂ ਸਹਾਇਕ ਨਗਰ ਯੋਜਨਾਕਾਰ, ਬਿਲਡਿੰਗ ਸੁਪਰਡੰਟ, ਸਕੱਤਰ, ਡੀ.ਸੀ.ਐਫ.ਏ ਦੇ ਅਧਾਰਿਤ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵੱਲੋਂ ਅੱਜ ਮਿਤੀ 02/12/2020 ਨੂੰ ਸਵੇਰੇ 11.00 ਵਜੇ ਨਿਗਮ ਦਫਤਰ ਵਿਖੇ ਮੀਟਿੰਗ ਕੀਤੀ ਗਈ ਹੈ। ਰਿਪੋਰਟ ਦੀ ਕਾਪੀ ਸਮੂਹ ਮੈਂਬਰਾਂ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਇਸ ਰਿਪੋਰਟ ਤੇ ਵਿਚਾਰ ਕਰਨ ਉਪਰੰਤ ਸਮੂਹ ਮੈਂਬਰਾਂ ਵੱਲੋਂ ਪਾਇਆ ਗਿਆ ਕਿ ਮਾਸਟਰ ਪਲੈਨ ਅਨੁਸਾਰ ਨਿਗਮ ਹੱਦ ਅੰਦਰ 60' ਚੌੜੀ ਸੜਕ ਤੇ ਕਮਰਸ਼ੀਅਲ ਉਸਾਰੀ Permissible ਹੈ ਅਤੇ 60' ਚੋੜੀ ਸੜਕ ਤੇ ਲੱਗਦੇ ਪਲਾਟਾਂ ਵਿੱਚ ਲੋਕਲ ਲੈਵਲ ਤੇ ਸਿੰਗਲ ਸਟੋਰੀ ਕਮਰਸ਼ੀਅਲ ਉਸਾਰੀ ਇਜਾਜਤਯੋਗ ਹੈ। ਮਾਸਟਰ ਪਲੈਨ ਦੇ ਉਪਬੰਧਾਂ ਦੇ ਮੱਦੇਨਜਰ ਨਾਨ ਸਕੀਮ ਏਰੀਏ ਕਿਸੇ ਸੜਕ ਨੂੰ ਕਮਰਸ਼ੀਅਲ ਡਿਕਲੇਅਰ ਕੀਤੇ ਜਾਣ ਦੀ ਲੋੜ ਨਹੀਂ ਹੈ।

ਵਿਸ਼ੇ ਅਧੀਨ ਮਸਲਾ ਟੀ.ਪੀ ਸਕੀਮਾਂ ਵਿੱਚ ਪੈਂਦੀਆਂ 60' ਤੋਂ ਘੱਟ ਚੌੜੀਆ ਸੜਕਾ ਨਾਲ ਹੈ। ਬਠਿੰਡਾ ਸ਼ਹਿਰ ਵਿੱਚ ਟੀ.ਪੀ. ਸਕੀਮਾਂ ਸਾਲ 1990 ਤੋਂ ਪਹਿਲਾਂ ਬਣੀਆਂ ਹੋਈਆ ਹਨ ਜੋ ਸਰਕਾਰ ਵੱਲੋਂ ਪ੍ਰਵਾਨਸ਼ੁਦਾ ਹਨ। ਜਦੋਂ ਕਿ ਬਠਿੰਡਾ ਸ਼ਹਿਰ ਦਾ ਮਾਸਟਰ ਪਲਾਨ ਸਾਲ 2010 ਵਿੱਚ ਨੋਟੀਫਾਈ ਕੀਤਾ ਗਿਆ ਹੈ। ਨਿਗਮ ਹਾਊਸ ਵੱਲੋਂ ਗਠਿਤ ਕੀਤੀ ਕਮੇਟੀ ਦੀ ਮੀਟਿੰਗ ਮਿਤੀ 20/12/2017 ਵਿੱਚ ਟੇਬਲ ਨੰ. 2 ਰਾਹੀਂ ਲਿਖਿਆ ਹੈ ਕਿ ਸਰਕਾਰ ਦੇ ਨੋਟੀਫਿਕੇਸ਼ਨ ਨੰ. 14/191/2012-1LG1/805 ਮਿਤੀ 27/02/2013 ਰਾਹੀਂ ਟੀ.ਪੀ. ਸਕੀਮਾਂ ਵਿੱਚ 40' ਚੌੜੀ ਅਜੀਤ ਰੋਡ, 40' ਨਾਮਦੇਵ ਰੋਡ, 20' ਗਲੀ ਨਰਾਇਣ ਦਾਸ ਨੂੰ ਸੀ.ਐਲ.ਯੂ ਲਈ ਨੋਟੀਫਾਈ ਕੀਤਾ ਗਿਆ ਹੈ ਅਤੇ ਇਹਨਾਂ ਸੜਕਾਂ ਤੇ ਕਾਰੋਬਾਰੀ ਰੁਝਾਨ ਹੈ। ਸ੍ਰੀ ਸਨਾਤਨ ਧਰਮ ਮਹਾਂਬੀਰ ਦਲ ਦੀ ਪ੍ਰਤੀਬੇਨਤੀ ਨੂੰ ਮੱਦੇਨਜਰ ਰੱਖਦੇ ਹੋਏ ਉਕਤ ਰਿਪੋਰਟ ਦੇ ਟੇਬਲ ਨੰ. 1 ਵਿੱਚ ਟੀ.ਪੀ. ਸਕੀਮਾਂ ਦੀਆਂ ਦਰਸਾਈਆਂ 40' ਚੌੜੀਆ 7 ਸੜਕਾਂ ਸੀ.ਐਲ.ਯੂ ਲਈ ਨੋਟੀਫਾਈ ਕਰਨ ਲਈ ਸਬ ਕਮੇਟੀ ਵੱਲੋਂ ਮਿਤੀ 20/12/2017 ਨੂੰ ਪੇਸ਼ ਕੀਤੀ ਗਈ ਰਿਪੋਰਟ ਮਤੇ ਦੇ ਰੂਪ ਵਿੱਚ ਵਿਚਾਰਨ ਯੋਗ ਹੈ। ਬਠਿੰਡਾ ਸ਼ਹਿਰ ਨੂੰ ਸਰਕਾਰ ਵੱਲੋਂ Low Potential Zone ਵਿੱਚ ਰੱਖਿਆ ਹੈ, ਜੇਕਰ ਇਸ ਤੇ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਨਿਗਮ ਨੂੰ ਕਾਫੀ ਵਿੱਤੀ ਲਾਭ ਪ੍ਰਾਪਤ ਹੋਵੇਗਾ ਅਤੇ ਲੋਕਾਂ ਨੂੰ ਕਾਰੋਬਾਰੀ ਨਕਸ਼ੇ ਪਾਸ ਕਰਾਉਣ ਦੀ ਸਹੂਲਤ ਪ੍ਰਾਪਤ ਹੋਵੇਗੀ। ਇਸ ਲਈ ਉਕਤ ਤਜਵੀਜ ਦਾ ਮਤਾ ਪ੍ਰਵਾਨ ਕਰਨ ਉਪਰੰਤ ਸਰਕਾਰ ਤੋਂ ਮੰਨਜੂਰੀ ਪ੍ਰਾਪਤ ਕਰਨ ਲਈ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 34:** | **ਪ੍ਰਵਾਨ ਹੈ।** |
|---|---|

ਏਜੰਡਾ ਨੰਬਰ 3 :

ਰਿਪੋਰਟ ਰੈਂਟ ਸ਼ਾਖਾ ਕਿ ਪੰਜਾਬ ਸਰਕਾਰ ਵੱਲੋਂ ਮਿਉਂਸਪਲ ਪ੍ਰਾਪਰਟੀ ਵੇਚਣ ਸਬੰਧੀ The Punjab Management and Transfer of Municipal Property Bill of 2020 dated 03.03.2020 ਪਾਸ ਕੀਤਾ

ਗਿਆ ਹੈ। ਇਸ ਐਕਟ ਦੀ ਕਲਾਜ਼ ਨੰਬਰ 13(1) ਅਨੁਸਾਰ "A Municiality desirous of transferring a municipal property in accodance with the provisions of this Act shall pass a resolution to this effect.

Provided that no such resolution of a Municipality shall be valid unless it is approved by at least two third of the total elected members of the Municipality.

ਉਕਤ ਅਨੁਸਾਰ ਨਗਰ ਨਿਗਮ ਵੱਲੋਂ ਕਿਰਾਏ/ਲੀਜ਼ ਤੇ ਦਿੱਤੀਆਂ ਪ੍ਰਾਪਰਟੀਆਂ ਸਬੰਧੀ ਮਾਲਕਾਨਾਂ ਹੱਕ ਦੇਣ ਵਾਸਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਬੰਧੀ ਦਰਖਾਸਤਾਂ ਲਈਆਂ ਜਾ ਰਹੀਆਂ ਹਨ। ਨਿਗਮ ਪਾਸ ਮੌਜੂਦਾ ਸਮੇਂ ਕੁੱਲ 403 ਦੁਕਾਨਾਂ/ਪ੍ਰਾਪਰਟੀਆਂ ਹਨ ਅਤੇ ਇਹ ਕਿਰਾਏ/ਲੀਜ਼ ਤੇ ਦਿੱਤੀਆਂ ਹੋਈਆਂ ਹਨ। ਐਕਟ ਅਨੁਸਾਰ 12 ਸਾਲ ਜਾਂ 12 ਸਾਲ ਤੋਂ ਵੱਧ ਦੇ ਕਿਰਾਏਦਾਰ/ਕਾਬਜਕਾਰਾਂ ਨੂੰ ਯੋਗ ਪ੍ਰਣਾਲੀ ਰਾਹੀਂ ਮਾਲਕਾਨਾਂ ਹੱਕ ਦਿੱਤੇ ਜਾਣੇ ਹਨ।

ਉਕਤ ਤੋਂ ਇਲਾਵਾ ਵੱਖ-ਵੱਖ ਕੌਂਸਲਰਾਂ/ਪਬਲਿਕ ਵੱਲੋਂ ਸ਼ਾਮਲਾਟ ਜਾਇਦਾਦ ਜਿਸਦੀ ਮਾਲਕ ਨਗਰ ਨਿਗਮ ਬਠਿੰਡਾ ਹੈ, ਸਬੰਧੀ ਮਾਲਕਾਨਾਂ ਹੱਕ ਦੇਣ ਬਾਰੇ ਬੇਨਤੀ ਕੀਤੀ ਜਾ ਰਹੀ ਹੈ। ਇਸ ਸਬੰਧੀ ਯੋਗ ਹੋਵੇਗਾ ਕਿ ਉਕਤ ਜਗ੍ਹਾ ਦੇ ਮਾਲਕਾਨਾਂ ਹੱਕ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਭੇਜਿਆ ਜਾਵੇ। ਇਹ ਵੀ ਦਸਣਯੋਗ ਹੈ ਕਿ ਇਸ ਸਬੰਧੀ ਅਗਲੇਰੀ ਕਾਰਵਾਈ ਸਰਕਾਰ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ। ਰਿਪੋਰਟ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 35:** | **ਪ੍ਰਵਾਨ ਹੈ। ਪਾਸ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।** |

ਏਜੰਡਾ ਨੰਬਰ 4 :

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਵੱਲੋਂ ਹੇਠ ਲਿਖੇ ਅਨੁਸਾਰ ਸਾਈਟਸ ਟੇਕ ਓਵਰ ਕਰਨ ਸਬੰਧੀ ਕਾਰਵਾਈ ਕੀਤੀ ਜਾਣੀ ਹੈ:

1. ਸਥਾਨਕ ਸਰਕਾਰ ਵਿਭਾਗ ਜੀ ਦੇ ਪੱਤਰ ਨੰਬਰ 1471 ਮਿਤੀ 26.04.2021 ਰਾਹੀਂ ਸਥਾਨਕ ਸਰਕਾਰ ਵੱਲੋਂ Industrial Focal Point, Dabwali Road ਨੂੰ ਹੈਂਡ ਓਵਰ ਕਰਨ ਸਬੰਧੀ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ ਹਨ। Industrial Focal Point, Dabwali Road ਤੇ ਮੌਜੂਦ 58.98 ਏਕੜ੍ਹ ਵਿੱਚ ਬਣਿਆ ਉਦਯੋਗਿਕ ਖੇਤਰ ਹੈ। ਇਸ Industrial Focal Point ਦੀਆਂ ਸੜ੍ਹਕਾਂ, ਪਾਰਕ, ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਸਾਂਭ ਸੰਭਾਲ ਹਿੱਤ ਨਗਰ ਨਿਗਮ ਵੱਲੋਂ ਹੈਂਡ ਓਵਰ ਕੀਤਾ ਜਾਣਾ ਹੈ। ਇਸ ਸਬੰਧ ਵਿੱਚ PSIEC ਅਧਿਕਾਰੀਆਂ ਨਾਲ ਮਿਤੀ 26.07.2021 ਨੂੰ ਜੁਆਇੰਟ ਇੰਸਪੈਕਸ਼ਨ ਕੀਤੀ ਗਈ ਹੈ। ਜੁਆਇੰਟ ਇੰਸਪੈਕਸ਼ਨ ਦੌਰਾਨ PSIEC ਵੱਲੋਂ 96.37 ਲੱਖ ਰੁਪਏ ਦੇ ਕੰਮਾਂ ਹਿੱਤ ਆਪਣੇ ਉੱਚ ਅਧਿਕਾਰੀਆਂ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਉਨ੍ਹਾ ਵੱਲੋਂ ਆਪਣੇ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ 96.37 ਲੱਖ ਰੁਪਏ ਨਗਰ ਨਿਗਮ ਕੋਲ ਜਮਾਂ ਕਰਵਾਏ ਜਾਣਗੇ।

ਉੱਚ ਪੱਧਰੀ ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਜੀ ਵੱਲੋਂ Industrial Focal Point ਮਿਤੀ 14.08.2021 ਤੱਕ ਹੈਂਡ ਓਵਰ ਕਰਨ ਦੇ ਆਦੇਸ਼ ਹੋਏ ਹਨ। ਸੋ Industrial Focal Point, Dabwali Road, Bathinda ਵੱਲੋਂ ਨਗਰ ਨਿਗਮ ਬਠਿੰਡਾ ਨੂੰ ਹੈਂਡ ਓਵਰ ਕਰਨ ਲਈ ਕੇਸ ਹਾਊਸ ਦੀ ਜਾਣਕਾਰੀ ਹਿੱਤ।

2. ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: 30537 ਮਿਤੀ 28.7.2021 ਅਤੇ ਪੱਤਰ ਨੰ: 30972-976 ਮਿਤੀ 2.8.2021 ਦੇ ਸਬੰਧ ਵਿੱਚ ਬੀ.ਡੀ.ਏ. ਵੱਲੋਂ ਡਿਵੈਲਪ ਕੀਤੀਆਂ ਅਰਬਨ ਅਸਟੇਟਸ/ਸਾਈਟਸ ਨਗਰ ਨਿਗਮ ਨੂੰ ਹੈਂਡ ਓਵਰ ਕਰਨ ਸਬੰਧੀ ਅੱਜ ਮਿਤੀ 18.8.2021 ਨੂੰ ਬੀ.ਡੀ.ਏ. ਅਤੇ ਨਗਰ ਨਿਗਮ ਅਧਿਕਾਰੀਆਂ ਦੁਆਰਾ ਮੀਟਿੰਗ ਕੀਤੀ ਗਈ ਹੈ। ਹੇਠ ਲਿਖੇ ਅਨੁਸਾਰ ਸਕੀਮਾਂ ਵਿੱਚ ਹੋਣ ਵਾਲੇ ਕੰਮਾਂ ਸਬੰਧੀ ਸਹਿਮਤੀ ਹੋਈ:-

| ਲੜੀ ਨੰ: | ਸਾਈਟ ਦਾ ਨਾਮ | ਤਖਮੀਨਾ (ਲੱਖਾਂ ਵਿੱਚ) |
|---|---|---|
| 1. | ਮਾਡਲ ਟਾਊਨ ਫੇਸ-4 ਐਂਡ 5 | 296.44 |
| 2. | ਨਿਰਵਾਣਾ ਅਸਟੇਟ | 43.41 |
| 3. | ਮਿਲਕ ਪਲਾਂਟ ਸਾਈਟ | 69.50 |
| 4. | ਓਲਡ ਤਹਿਸੀਲ ਕੰਪਲੈਕਸ | 4.30 |
| 5. | ਕਮਰਸ਼ੀਅਲ ਸਾਈਟ 100 ਫੁੱਟ ਰੋਡ ਨੇੜੇ ਪਾਵਰ ਹਾਊਸ ਚੌਂਕ | 2.54 |
| 6. | 100 ਫੁੱਟ ਰੋਡ ਨੇੜੇ ਭਾਗੂ ਰੋਡ | 9.00 |
| 7. | ਪੀ.ਆਈ.ਡੀ.ਬੀ. ਸਾਈਟ ਸਿਵਲ ਸਟੇਸ਼ਨ ਪਾਵਰ ਹਾਊਸ ਰੋਡ ਡੀ-6 (ਚੰਕ) | - |
| 8. | OUVGL ਸਿਵਲ ਸਟੇਸ਼ਨ 4400 sq yd ਸਿਟੀ ਸੈਂਟਰ ਮਾਲ ਨੇੜੇ ਤਹਿਸੀਲ (ਚੰਕ) | - |
| 9. | OUVGL ਸਾਈਟ ਪੀ.ਡਬਲਯੂ.ਡੀ. ਬੀ.ਐਂਡ ਆਰ. (sold to LIC) 100 ਫੁੱਟ ਚੋੜੀ ਸੜਕ (ਚੰਕ) | - |
| 10. | OUVGL ਸਾਈਟ ਪੁਰਾਣਾ ਹਸਪਤਾਲ ਅਮਰੀਕ ਸਿੰਘ ਰੋਡ, ਬਠਿੰਡਾ (ਚੰਕ) 2006.67 sqm | - |
| 11. | OUVGL ਸਾਈਟ ਪੁਰਾਣਾ ਹਸਪਤਾਲ ਅਮਰੀਕ ਸਿੰਘ ਰੋਡ, ਬਠਿੰਡਾ (ਚੰਕ) 21787 sqm | - |

| | | |
|---|---|---|
| 12. | ਕੈਨਾਲ ਕਲੋਨੀ 5.58 ਏਕੜ ਚੰਕ ਸਾਈਟ | - |
| 13. | ਕੈਨਾਲ ਕਲੋਨੀ ਐਸ.ਸੀ.ਐਫ | - |
| 14. | ਗਰੀਨ ਬੈਲਟ (11 ਨੰਬਰ) ਫੇਸ-2 ਭਾਗ-1 | - |
| | ਕੁੱਲ ਜੋੜ | 425.19 |

ਉਪਰੋਕਤ ਡਿਟੇਲ ਅਨੁਸਾਰ ਸਕੀਮਾਂ ਨਗਰ ਨਿਗਮ ਨੂੰ ਹੈਂਡ ਓਵਰ ਕਰਨ ਹਿੱਤ ਹੋਣ ਵਾਲੇ ਕੰਮਾਂ ਲਈ ਨਗਰ ਨਿਗਮ ਅਤੇ ਬੀ.ਡੀ.ਏ. ਦੇ ਅਧਿਕਾਰੀਆਂ ਦੌਰਾਨ 425.19 ਲੱਖ ਰੁਪਏ ਨਗਰ ਨਿਗਮ ਨੂੰ ਜਮ੍ਹਾ ਕਰਵਾਉਣ ਬਾਰੇ ਸਹਿਮਤੀ ਹੋਈ।

ਉਪਰੋਕਤ ਅਨੁਸਾਰ ਸਕੀਮਾਂ ਸਾਂਭ ਸੰਭਾਲ ਹਿੱਤ ਟੇਕ ਓਵਰ ਕਰਨ ਲਈ ਨਗਰ ਨਿਗਮ ਹਾਊਸ ਦੀ ਜਾਣਕਾਰੀ ਹਿੱਤ ਰਿਪੋਰਟ ਪੇਸ਼ ਹੈ ਜੀ।

| **ਮਤਾ ਨੰਬਰ 36:** | **ਨੋਟ ਕੀਤਾ।** |
|---|---|

ਏਜੰਡਾ ਨੰਬਰ 5 :

ਰਿਪੋਰਟ ਬਿਲਡਿੰਗ ਸ਼ਾਖਾ ਕਿ ਜਨਰਲ ਹਾਊਸ ਮਿਤੀ 23.06.2021 ਮਤਾ ਨੰ: 20 ਅਨੁਸਾਰ ਸਬ-ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ:-

ਸਬ-ਕਮੇਟੀ ਵੱਲੋਂ ਦਫਤਰੀ ਰਿਕਾਰਡ ਅਤੇ ਰਿਪੋਰਟ ਦਾ ਨਿਰੀਖਣ ਕਰਨ ਉਪਰੰਤ ਪਾਇਆ ਗਿਆ ਹੈ ਕਿ ਬਿਨੈਕਾਰ ਸ਼੍ਰੀ ਨਰੇਸ਼ ਕੁਮਾਰ ਪੁੱਤਰ ਸ਼੍ਰੀ ਕੌਰ ਚੰਦ, ਸ਼੍ਰੀਮਤੀ ਸਰੋਜ਼ ਬਾਂਸਲ ਪਤਨੀ ਨਰੇਸ਼ ਕੁਮਾਰ , ਸ਼੍ਰੀਮਤੀ ਸ਼ਾਮਾ ਜਿੰਦਲ ਪਤਨੀ ਸ਼੍ਰੀ ਮੁਕੇਸ਼ ਕੁਮਾਰ, ਸ਼੍ਰੀਮਤੀ ਤਮੰਨਾ ਬਾਂਸਲ ਪਤਨੀ ਸ਼੍ਰੀ ਨਵਨੀਤ ਕੁਮਾਰ, ਰਜਨੀਸ਼ ਕੁਮਾਰ ਪੁੱਤਰ ਸ਼੍ਰੀ ਰੋਸ਼ਨ ਲਾਲ ਵੱਲੋਂ ਟੀ.ਪੀ. ਸਕਮਿ 3 ਪਾਰਟ 1 ਵਿਖੇ ਘੋੜਾ ਚੋਂਕ ਦੇ ਨੇੜੇ 100 ਫੁੱਟ ਚੌੜੀ ਰੋਡ ਤੇ ਕਾਰੋਬਾਰੀ ਮੰਤਵ ਲਈ ਸੀ.ਐਲ.ਯੂ ਆਨਲਾਈਨ ਪੋਰਟਲ ਤੇ ਫਾਈਲ ਨੰ: 542 ਰਾਹੀਂ ਅਪਲਾਈ ਕੀਤਾ ਹੈ। ਇਸ ਜਗ੍ਹਾਂ ਦਾ ਯੂ.ਆਈ.ਡੀ. ਨੰ: ਜੈਡ2/07999 ਹੈ।ਬਿਨੈਕਾਰ ਵੱਲੋਂ ਪੇਸ਼ ਕੀਤੇ ਗਏ ਮਲਕੀਅਤ ਦੇ ਸਬੂਤਾਂ ਮੁਤਾਬਿਕ ਇਸ ਪਲਾਟ ਦਾ ਕੁੱਲ ਰਕਬਾ 1372.38 ਵਰਗ ਗਜ ਹੈ। ਜਿਸ ਵਿੱਚੋਂ 842 ਵਰਗ ਗਜ ਜਗ੍ਹਾਂ ਪਹਿਲਾਂ ਤੋਂ ਕਮਰਸ਼ੀਅਲ ਨੋਟੀਫਾਈਡ 100 ਫੁੱਟ ਰੋਡ ਤੇ ਲਗਦੀ ਸਿੰਗਲ ਡੈਪਥ ਵਿੱਚ ਹੀ ਆ ਜਾਂਦੀ ਹੈ। ਡੱਬਲ ਡੈਪਥ ਵਿੱਚ ਆਉਂਦਾ ਰਕਬਾ 530.38 ਵਰਗ ਗਜ ਹੈ। ਜਿਸ ਦੀ ਪ੍ਰਵਾਨਗੀ ਲਈ ਕੇਸ ਸਰਕਾਰ ਪਾਸ ਭੇਜਿਆ ਜਾਣਾ ਹੈ।

ਸਥਾਨਕ ਸਰਕਾਰ ਵਿਭਾਗ ਵੱਲੋਂ ਆਪਣੇ ਪੱਤਰ ਨੰ: ਸੀ.ਟੀ.ਪੀ.(ਸਸ)-2020/3334 ਮਿਤੀ 18.11.2020 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਟੀ.ਪੀ. ਸਕੀਮ ਵਿੱਚ ਕਾਰੋਬਾਰੀ ਘੋਸ਼ਿਤ ਸੜਕ ਤੇ ਸਿੰਗਲ ਡੈਪਥ ਦੇ ਨਾਲ ਡੱਬਲ ਡੈਪਥ ਦਾ ਸੀ.ਐਲ.ਯੂ ਕੀਤਾ ਜਾ ਸਕਦਾ ਹੈ। ਬਾਸ਼ਰਤੇ ਕਿ ਪਲਾਟ/ਸਿੰਗਲ ਡੈਪਥ ਪਲਾਟ ਦਾ ਰਕਬਾ ਘੱਟੋ-ਘੱਟ 500 ਵਰਗ ਗਜ ਹੋਵੇ ਤਾਂ ਜੋ ਬਾਈਲਾਜ ਅਨੁਸਾਰ ਲੋੜੀਂਦੀ ਪਾਰਕਿੰਗ ਮੁਹੱਈਆ ਕਰਵਾਈ ਜਾ ਸਕੇ ਨਾਲ ਲਗਦੇ ਰਿਹਾਇਸ਼ੀ ਪਲਾਟਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਨਗਰ ਨਿਗਮ ਦੀ ਬਿਲਡਿੰਗ ਸ਼ਾਖਾ ਵੱਲੋਂ ਜਨਰਲ ਹਾਊਸ ਦੀ ਮੀਟਿੰਗ ਮਿਤੀ 23.06.2021 ਵਿੱਚ ਪੇਸ਼ ਕੀਤੀ ਗਈ ਰਿਪੋਰਟ ਅਤੇ ਸਥਾਨਕ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਮਿਤੀ 18.11.2020 ਦੀ ਰੋਸ਼ਨੀ ਵਿੱਚ ਤੱਥਾਂ ਨਾਲ ਸਬ-ਕਮੇਟੀ ਸਹਿਮਤ ਹੈ।ਇਸ ਲਈ ਇਸ ਨਕਸ਼ੇ ਨੂੰ ਸਥਾਨਕ ਸਰਕਾਰ ਪੱਧਰ ਤੇ ਕਮਰਸ਼ੀਅਲ ਡੱਬਲ ਡੈਪਥ ਘੋਸ਼ਿਤ/ਨੋਟੀਫਾਈ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 37:** | **ਪ੍ਰਵਾਨ ਹੈ।** |
|---|---|

ਏਜੰਡਾ ਨੰਬਰ 6 :

ਰਿਪੋਰਟ ਲੇਖਾ ਸ਼ਾਖਾ ਕਿ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਲਈ ਪ੍ਰਮੋਸ਼ਨ ਕੋਟੇ ਤਹਿਤ ਉਹ ਦਰਜ਼ਾ-4 ਕਰਮਚਾਰੀ ਯੋਗ ਹਨ ਜਿੰਨਾਂ ਦੀ ਵਿਦਿਅਕ ਯੋਗਤਾ ਮੈਟ੍ਰਿਕ ਹੋਵੇ, ਘੱਟੋ ਘੱਟ 5 ਸਾਲ ਦਾ ਤਜ਼ਰਬਾ ਹੋਵੇ ਅਤੇ ਟਾਇਪ ਟੈਸਟ ਪਾਸ ਕੀਤਾ ਹੋਵੇ। ਇਸ ਸਬੰਧੀ ਨਗਰ ਨਿਗਮ ਵਲੋਂ ਉਹਨਾਂ ਸਾਰੇ ਦਰਜ਼ਾ-4 ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ ਜਿੰਨਾਂ ਨੇ ਮੈਟ੍ਰਿਕ ਪਾਸ ਕੀਤੀ ਹੈ ਅਤੇ 5 ਸਾਲ ਦਾ ਤਜ਼ਰਬਾ ਹੈ। ਇਸ ਅਨੁਸਾਰ ਕਈ ਕਰਮਚਾਰੀ ਪੱਦ ਉਨਤ ਵੀ ਕਰ ਦਿੱਤੇ ਗਏ ਸਨ। ਹੁਣ ਸ਼੍ਰੀਮਤੀ ਮੀਨਾ ਕੁਮਾਰੀ ਅਤੇ ਸ਼੍ਰੀਮਤੀ ਪਰਮਜੀਤ ਕੌਰ ਨੇ ਦਰਖਾਸਤਾਂ ਦਿੱਤੀਆਂ ਹਨ ਕਿ ਇਹਨਾਂ ਨੂੰ ਪੱਦ ਉਨੱਤ ਕੀਤਾ ਜਾਵੇ। ਮਿਤੀ 30-06-2021 ਨੂੰ ਸ਼੍ਰੀ ਪਿਆਰਾ ਲਾਲ ਕਲਰਕ ਰਿਟਾਇਰ ਹੋ ਰਹੇ ਹਨ। ਇਸ ਤਰ੍ਹਾਂ ਇੱਕ ਪ੍ਰਮੋਸ਼ਨ ਕੋਟੇ ਦੀ ਆਸਾਮੀ ਖਾਲੀ ਹੋ ਰਹੀ ਹੈ। ਸੀਨੀਆਰਤਾ ਸੂਚੀ ਅਨੁਸਾਰ ਸ਼੍ਰੀਮਤੀ ਮੀਨਾ ਕੁਮਾਰੀ ਤੋਂ ਸੀਨੀਅਰ ਸਾਰੇ ਕਲਰਕ ਜਾਂ ਪੱਦ ਉਨਤ ਹੋ ਚੁੱਕੇ ਹਨ ਜਾਂ ਰਿਟਾਇਰ ਹੋ ਚੁੱਕੇ ਹਨ ਜਾਂ ਉਹਨਾਂ ਵਲੋਂ ਪ੍ਰਮੋਸ਼ਨ ਨਾ ਲੈਣ ਦੀ ਆਪਸ਼ਨ ਦਿੱਤੀ ਹੈ। ਸਰਕਾਰ ਵਲੋਂ ਇਸਤਰੀਆਂ ਲਈ 33% ਅੰਦਰੂਨੀ ਰਿਜ਼ਰਵੇਸ਼ਨ ਦੇਣ ਕਾਰਨ ਵੀ ਇਸਤਰੀ ਕੋਟੇ ਦਾ ਬੈਕ ਲਾਗ ਬਣਦਾ ਹੈ। ਉਕਤ ਅਨੁਸਾਰ ਅਗਲੀ ਕਾਰਵਾਈ ਕਰਨ ਤੋਂ ਪਹਿਲਾਂ ਸਬੰਧਤ ਬਰਾਂਚ ਨੂੰ ਇਸ ਕਰਮਚਾਰਣ ਦੀਆਂ 5 ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਅਤੇ ਪੈਡਿੰਗ ਇੰਨਕੁਆਰੀ/ਕੇਸ ਬਾਰੇ ਸੂਚਨਾਂ ਮੰਗੀ ਗਈ।

ਇਸਤੇ ਸਬੰਧਤ ਬਰਾਂਚ ਵੱਲੋਂ ਰਿਪੋਰਟ ਕੀਤੀ ਗਈ ਕਿ ਸ਼੍ਰੀਮਤੀ ਮੀਨਾ ਕੁਮਾਰੀ ਬਤੌਰ ਸੇਵਾਦਾਰ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ ਕੰਮ ਕਰ ਰਹੀ ਹੈ। ਇਸ ਕਰਮਚਾਰਣ ਦਾ ਕੰਮ ਬਹੁਤ ਹੀ ਤਸੱਲੀਬਖਸ਼ ਹੈ। ਇਸ ਵਿਰੁੱਧ ਕੋਈ ਵੀ ਪੈਡਿੰਗ ਇਨਕੁਆਰੀ/ਕੇਸ ਲੰਬਿਤ ਨਹੀਂ ਹੈ। ਇਸ ਕਰਮਚਾਰਣ ਦੀ ਬਤੌਰ ਕਲੱਰਕ ਪਦ-ਉਨੱਤੀ ਦੀ ਪੁਰਜੋਰ ਅਪੀਲ/ਸਿਫਾਰਸ਼ ਕੀਤੀ ਜਾਂਦੀ ਹੈ।

ਉਕਤ ਸਬੰਧੀ ਰਿਪੋਰਟ ਹੈ ਕਿ ਮਿਤੀ 30.06.2021 ਨੂੰ ਸ਼੍ਰੀ ਪਿਆਰਾ ਲਾਲ, ਕਲੱਰਕ ਰਿਟਾਇਰ ਹੋ ਰਹੇ ਹਨ। ਇਸ ਤਰ੍ਹਾਂ ਇੱਕ ਪ੍ਰਮੋਸ਼ਨ ਕੋਟੇ ਦੀ ਆਸਾਮੀ ਖਾਲੀ ਹੋ ਰਹੀ ਹੈ। ਸੀਨੀਅਰਤਾ ਸੂਚੀ ਅਨੁਸਾਰ ਸ਼੍ਰੀਮਤੀ ਮੀਨਾ ਕੁਮਾਰੀ ਤੋਂ ਸੀਨੀਅਰ ਸਾਰੇ ਕਲੱਰਕ ਜਾਂ ਪਦ-ਉਨੱਤ ਹੋ ਚੁੱਕੇ ਹਨ ਜਾਂ ਉਹਨਾਂ ਵੱਲੋਂ ਪ੍ਰਮੋਸ਼ਨ ਨਾ ਲੈਣ ਦੀ ਆਪਸ਼ਨ ਦਿੱਤੀ ਹੈ। ਸਰਕਾਰ ਵੱਲੋਂ ਇਸਤਰੀਆਂ ਲਈ 33% ਅੰਦਰੂਨੀ ਰਿਜ਼ਰਵੇਸ਼ਨ ਦੇਣ ਕਾਰਨ ਵੀ ਇਸਤਰੀ ਕੋਟੇ ਦਾ ਬੈਕ ਲਾਗ ਬਣਦਾ ਹੈ। ਇਸ ਸਬੰਧੀ ਕਰਮਚਾਰਣ ਦੀ ਬ੍ਰਾਂਚ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਕਰਮਚਾਰਣ ਖਿਲਾਫ ਕੋਈ ਪੈਡਿੰਗ ਇਨਕੁਆਰੀ/ਕੋਰਟ ਕੇਸ ਲੰਬਿਤ ਨਹੀਂ ਹੈ ਅਤੇ ਕਰਮਚਾਰਣ ਦਾ ਕੰਮ ਤਸੱਲੀਬਖਸ਼ ਹੈ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਇਸਦਾ ਟਾਈਪ ਟੈਸਟ ਲੈਣ ਲਈ ਸਕੱਤਰ, ਸੁਪਰਡੈਂਟ (ਬੀ) ਅਤੇ ਡੀ.ਸੀ.ਐਫ.ਏ. ਦੀ ਕਮੇਟੀ ਬਣਾਈ ਗਈ।

ਉਕਤ ਕਮੇਟੀ ਵੱਲੋਂ ਮਿਤੀ 14.07.2021 ਨੂੰ ਸ਼੍ਰੀਮਤੀ ਮੀਨਾ ਕੁਮਾਰੀ ਦਾ ਟਾਈਪ ਟੈਸਟ ਲਿਆ ਗਿਆ। ਕਮੇਟੀ ਵੱਲੋਂ ਕੀਤੀ ਗਈ ਰਿਪੋਰਟ ਹੇਠ ਲਿਖੇ ਅਨੁਸਾਰ ਹੈ:
ਕੁੱਲ ਸ਼ਬਦ : 406
ਗਲਤੀਆਂ : 18(4.43%)

ਇਸ ਅਨੁਸਾਰ ਟਾਈਪ ਟੈਸਟ ਤਸੱਲੀਬਖਸ਼ ਪਾਇਆ ਗਿਆ। ਸਰਕਾਰ ਵੱਲੋਂ ਇਸਤਰੀਆਂ ਲਈ 33% ਅੰਦਰੂਨੀ ਰਿਜ਼ਰਵੇਸ਼ਨ ਦੇਣ ਕਾਰਨ ਇਸਤਰੀ ਕੋਟੇ ਦਾ ਬੈਕਲਾਗ ਬਣਦਾ ਹੈ। ਸੀਨੀਅਰਤਾ ਮੁਤਾਬਿਕ ਸ਼੍ਰੀਮਤੀ ਮੀਨਾ ਕੁਮਾਰੀ ਨੂੰ ਸੇਵਾਦਾਰ ਤੋਂ ਕਲੱਰਕ ਪਦ-ਉਨੱਤ ਕੀਤਾ ਜਾ ਸਕਦਾ ਹੈ। ਇਸ ਸਬੰਧੀ ਹਾਊਸ ਸਮੱਰਥ ਅਥਾਰਟੀ ਹੈ। ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 38:** | **ਪਾਸ ਕੀਤਾ ਜਾਂਦਾ ਹੈ ਕਿ ਕਰਮਚਾਰੀਆਂ ਨਾਲ ਸਬੰਧਤ ਸਬ-ਕਮੇਟੀ ਬਣਾ ਕੇ ਕੇਸ ਸਬ-ਕਮੇਟੀ ਪਾਸ ਵਿਚਾਰ ਹਿੱਤ ਭੇਜਿਆ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰੀ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਨੂੰ ਦਿੱਤੇ ਜਾਂਦੇ ਹਨ।** |

ਏਜੰਡਾ ਨੰਬਰ 7 :

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਰਾਜਿੰਦਰ ਕੁਮਾਰ ਪੁੱਤਰ ਮਾਤਾਦੀਨ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 12.11.2020 ਨੂੰ ਮੌਤ ਹੋ ਗਈ ਸੀ । ਇਸ ਦੇ ਪੁੱਤਰ ਸ਼੍ਰੀ ਅਰੁਣ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਮ੍ਰਿਤਕ ਵੱਲੋਂ ਗਰੈਚੂਟੀ ਅਤੇ ਲੀਵ-ਇਨਕੈਸ਼ਮੈਂਟ ਦਾ ਨੋਮੀਨੇਸ਼ਨ ਆਪਣੇ ਪੁੱਤਰ ਸ਼੍ਰੀ ਅਰੁਣ ਕੁਮਾਰ ਦੇ ਨਾਮ ਤੇ ਕੀਤਾ ਹੋਇਆ ਸੀ। ਸ਼੍ਰੀ ਅਰੁਣ ਕੁਮਾਰ ਪੁੱਤਰ ਸਵ: ਰਾਜਿੰਦਰ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ, ਦੋ ਭੈਣਾਂ ਅਤੇ ਇਕ ਭਰਾ ਹੈ, ਜਿਸ ਵਿਚੋਂ ਇਕ ਭੈਣ ਵਿਆਹੀ ਹੈ। ਜਿਹਨਾਂ ਨੇ ਸ਼੍ਰੀ ਅਰੁਣ ਕੁਮਾਰ ਦੇ ਹੱਕ ਵਿਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਉਹਨਾਂ ਦੇ ਪਿਤਾ ਦੀ ਥਾਂ ਤੇ ਨੌਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਰੁਣ ਕੁਮਾਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਰੁਣ ਕੁਮਾਰ ਦੀ ਫੈਮਿਲੀ ਦਾ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਰੁਣ ਕੁਮਾਰ ਅਠਵੀਂ ਪਾਸ ਹੈ ਅਤੇ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 10.07.1998 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਅਠਵੀਂ ਪਾਸ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਅਰੁਣ ਕੁਮਾਰ ਨੂੰ ਉਸਦੇ ਪਿਤਾ ਸਵ: ਰਾਜਿੰਦਰ ਕੁਮਾਰ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 39:** | **ਪ੍ਰਵਾਨ ਹੈ।** |

ਏਜੰਡਾ ਨੰਬਰ 8 :

ਦਫਤਰੀ ਰਿਪੋਰਟ ਕਿ ਸਵ: ਰਾਜੇਸ਼ ਕੁਮਾਰ ਪੁੱਤਰ ਰਾਮ ਪ੍ਰਸ਼ਾਦ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਮੇਟ ਕੰਮ ਕਰਦਾ ਸੀ । ਜਿਸ ਦੀ ਮਿਤੀ 13.10.2020 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਸੰਜੀਵ ਕੁਮਾਰ ਪੁੱਤਰ ਰਾਜੇਸ਼ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ

ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸੰਜੀਵ ਕੁਮਾਰ ਪੁੱਤਰ ਰਾਜੇਸ਼ ਕੁਮਾਰ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਇਕ ਭੈਣ ਅਤੇ ਇਕ ਭਰਾ ਹੈ। ਹਲਫੀਆ ਬਿਆਨ ਅਨੁਸਾਰ ਦੋਨੋ ਭੈਣ ਭਰਾ ਵਿਆਹੇ ਹੋਏ ਹਨ। ਹਲਫੀਆ ਬਿਆਨ ਅਨੁਸਾਰ ਇਸ ਦੀ ਮਾਤਾ, ਭੈਣ ਅਤੇ ਭਰਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਸੰਜੀਵ ਕੁਮਾਰ ਨੂੰ ਤਰਸ ਦੇ ਅਧਾਰ ਤੇ ਉਸਦੇ ਪਿਤਾ ਦੀ ਨੋਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਸੰਜੀਵ ਕੁਮਾਰ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੁਰੀ ਤਰ੍ਹਾ ਆਪਣੇ ਪਿਤਾ ਤੇ ਨਿਰਭਰ ਸੀ ਅਤੇ ਇਹਨਾਂ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 19.06.1984 ਹੈ ਅਤੇ ਸ਼੍ਰੀ ਸੰਜੀਵ ਕੁਮਾਰ ਅਠਵੀਂ ਜਮਾਤ ਪਾਸ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਉਕਤ ਕੇਸ ਵਿਚ ਆਧਾਰ ਕਾਰਡ ਸਬੰਧੀ ਕਮੀ ਪਾਈ ਗਈ ਸੀ ਅਤੇ ਅਨੈਕਚਰ ਅਧੂਰਾ ਸੀ। ਹੁਣ ਉਕਤ ਕੇਸ ਵਿਚ ਹਲਫੀਆ ਬਿਆਨ ਅਨੁਸਾਰ ਰਾਣੀ ਦੀ ਉਮਰ ਮਿਤੀ 01.01.1963 ਹੈ ਅਤੇ ਉਸਦੇ ਲੜਕੇ ਸੰਜੀਵ ਕੁਮਾਰ ਦੀ ਜਨਮ ਮਿਤੀ 19.06.1984 ਹੈ। ਰਾਣੀ ਦਾ ਆਧਾਰ ਕਾਰਡ ਨਾਲ ਨੱਥੀ ਹੈ ਅਤੇ ਐਨਕਚਰ ਪੂਰਾ ਕਰ ਦਿੱਤਾ ਗਿਆ ਹੈ। ਉਕਤ ਕੇਸ ਵਿਚ ਜੋ ਕਮੀ ਸੀ ਉਹ ਪੁਰੀ ਕਰ ਦਿੱਤੀ ਗਈ ਹੈ। ਇਸ ਲਈ ਸ਼੍ਰੀ ਸੰਜੀਵ ਕੁਮਾਰ ਨੂੰ ਉਸਦੇ ਪਿਤਾ ਸਵ: ਰਾਜੇਸ਼ ਕੁਮਾਰ ਪੁੱਤਰ ਰਾਮ ਪ੍ਰਸ਼ਾਦ ਸਫਾਈ ਸਫਾਈ ਮੇਟ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 40:** | **ਪ੍ਰਵਾਨ ਹੈ।** |

ਏਜੰਡਾ ਨੰਬਰ 9 :

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਮਤਾ ਨੰ: 359 ਮਿਤੀ 08.10.2012 ਅਤੇ ਦਫਤਰੀ ਹੁਕਮ ਨੰ: 90 ਮਿਤੀ 23.07.2013 ਅਤੇ ਪਿੱਠ ਅੰਕਣ ਨੰ: 2216-17 ਮਿਤੀ 23.10.2013 ਰਾਹੀਂ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰ ਰਹੇ ਸੀਵਰਮੈਨਾਂ ਨੂੰ ਕਾਰਜਕਾਰੀ ਇੰਜੀਨੀਅਰ ਪੰਜਾਬ ਵ/ਸ ਸੀਵਰੇਜ਼ ਮੰਡਲ ਨੰ: 1 ਬਠਿੰਡਾ ਵੱਲੋਂ ਬਣਾਈ ਗਈ ਸੀਨੀਅਰਤਾ ਸੂਚੀ ਅਨੁਸਾਰ 15 ਨੰਬਰ ਸੀਵਰਮੈਨਾਂ ਨੂੰ ਬਤੋਰ ਸੀਵਰਮੇਟ ਪਦ-ਉਨੱਤ ਕੀਤੇ ਗਏ ਸਨ। ਹੁਣ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਵੱਲੋਂ ਆਪਣੇ ਪੱਤਰ ਨੰ: 2871 ਮਿਤੀ 25.06.2021 ਰਾਹੀਂ ਬੇਨਤੀ ਕੀਤੀ ਹੈ ਕਿ ਇੰਨ੍ਹਾਂ ਸੀਵਰੇਮੇਟਾਂ ਵਿੱਚੋਂ 8 ਨੰਬਰ ਸੀਵਰਮੇਟ ਰਿਟਾਇਰ ਹੋ ਗਏ ਹਨ ਅਤੇ 6 ਨੰਬਰ ਸੀਵਰਮੇਟਾਂ ਦੀ ਮੋਤ ਹੋ ਚੁੱਕੀ ਹੈ। ਸੀਵਰੇਜ਼ ਵਰਕਰ ਯੂਨੀਅਨ, ਬਠਿੰਡਾ ਵੱਲੋਂ ਮੰਗ ਕੀਤੀ ਗਈ ਹੈ ਕਿ ਸੇਵਾ ਮੁਕਤ/ਮੋਤ ਹੋ ਚੁੱਕੇ ਸੀਵਰਮੇਟਾਂ ਦੀ ਜਗ੍ਹਾ ਤੇ ਨਵੇਂ ਸੀਵਰਮੇਟ ਲਗਾਏ ਜਾਣ। ਉਹਨਾਂ ਵੱਲੋਂ ਸਲਾਨਾ ਦੇਖਭਾਲ ਸੀਵਰੇਜ਼ ਸਕੀਮ, ਬਠਿੰਡਾ ਦੇ ਵਿਰੁੱਧ ਕੰਮ ਕਰ ਰਹੇ ਸੀਵਰਮੈਨਾਂ ਦੀ ਸੂਚੀ ਤਿਆਰ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਹੈ ਕਿ ਸੀਨੀਅਰਤਾ ਮੁਤਾਬਿਕ ਸੀਵਰਮੇਟ ਬਣਾਏ ਜਾਣ ਦੀ ਕ੍ਰਿਪਾਲਤਾ ਕੀਤੀ ਜਾਵੇ। ਕਰਮਚਾਰੀਆਂ ਦੀ ਸੀਨੀਅਰਤਾ ਸੂਚੀ ਹੇਠ ਲਿਖੇ ਅਨੁਸਾਰ ਹੈ:

ਕਰਮਚਾਰ ਦਾ ਨਾਂ

1. ਸ਼੍ਰੀ ਸਮੇਂ ਚੰਦ ਪੁੱਤਰ ਸ਼੍ਰੀ ਹੀਰਾ ਲਾਲ, ਸੀਵਰਮੈਨ
2. ਸ਼੍ਰੀ ਰਤਨ ਪੁੱਤਰ ਸ਼੍ਰੀ ਇਤਬਾਰੀ, ਸੀਵਰਮੈਨ
3. ਸ਼੍ਰੀ ਭੱਜੂ ਪੁੱਤਰ ਸ਼੍ਰੀ ਦਲੀਪ, ਸੀਵਰਮੈਨ
4. ਸ਼੍ਰੀ ਹਰੀ ਸਿੰਘ ਪੁੱਤਰ ਸ਼੍ਰੀ ਦੇਵਲਾ, ਸੀਵਰਮੈਨ
5. ਸ਼੍ਰੀ ਵਿਜੈ ਕੁਮਾਰ ਪੁੱਤਰ ਸ਼੍ਰੀ ਸ਼ਿਵ ਲਾਲ, ਸੀਵਰਮੈਨ
6. ਸ਼੍ਰੀ ਉਮ ਪ੍ਰਕਾਸ਼ ਪੁੱਤਰ ਸ਼੍ਰੀ ਛੋਟੇ ਲਾਲ, ਸੀਵਰਮੈਨ
7. ਸ਼੍ਰੀ ਰੱਤੀ ਰਾਮ ਪੁੱਤਰ ਸ਼੍ਰੀ ਸਮੇਂ ਸਿੰਘ, ਸੀਵਰਮੈਨ
8. ਸ਼੍ਰੀ ਮੰਗਲ ਪੁੱਤਰ ਸ਼੍ਰੀ ਬਾਬੂ ਲਾਲ, ਸੀਵਰਮੈਨ
9. ਸ਼੍ਰੀ ਰਾਜੇਸ਼ ਕੁਮਾਰ ਪੁੱਤਰ ਸ਼੍ਰੀ ਪੂਰਨ, ਸੀਵਰਮੈਨ
10. ਸ਼੍ਰੀ ਰਾਜੂ ਪੁੱਤਰ ਸ਼੍ਰੀ ਸੁੱਖ ਰਾਮ, ਸੀਵਰਮੈਨ
11. ਸ਼੍ਰੀ ਜੈ ਸਿੰਘ ਪੁੱਤਰ ਸ਼੍ਰੀ ਬਲਦੇਵ ਸਿੰਘ, ਸੀਵਰਮੈਨ
12. ਸ਼੍ਰੀ ਰਾਜੇਸ਼ ਪੁੱਤਰ ਸ਼੍ਰੀ ਸਰਵਨ, ਸੀਵਰਮੈਨ
13. ਸ਼੍ਰੀ ਬਾਲਾ ਪਤਨੀ ਸ਼੍ਰੀ ਜਗਦੀਸ਼, ਸੀਵਰਮੈਨ
14. ਸ਼੍ਰੀ ਗਜਰਾਜ ਪੁੱਤਰ ਸ਼੍ਰੀ ਰਾਮ ਪਾਲ, ਸੀਵਰਮੈਨ

ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 41:** | **ਪੈਡਿੰਗ ਰੱਖਿਆ ਜਾਂਦਾ ਹੈ।** |
|---|---|

ਏਜੰਡਾ ਨੰਬਰ 10 :

ਦਫਤਰੀ ਰਿਪੋਰਟ ਕਿ ਸਰਕਾਰ ਵੱਲੋਂ ਪੰਜਾਬ ਪੱਧਰ ਤੇ ਸਾਰੀਆਂ ਅਰਬਨ ਲੋਕਲ ਬਾਡੀਜ਼ ਲਈ The Punjab Municipal Corporation and Municipal (Registration proper control of stray animals and compensation to the victim of animal attack) Bye-Laws 2020 ਨੋਟੀਫਾਈ ਕੀਤੇ ਗਏ ਹਨ। ਇਹਨਾਂ ਨਵੇਂ ਬਣੇ The Punjab Municipal Corporation and Municipal (Registration proper control of stray animals and compensation to the victim of animal attack) Bye-Laws 2020 ਨੂੰ ਅਪਨਾਉਣ ਉਪਰੰਤ ਬਠਿੰਡਾ ਸ਼ਹਿਰ ਵਿੱਚ ਲਾਗੂ ਕਰਵਾਉਣ ਹਿੱਤ ਕੇਸ ਹਾਊਸ ਦੇ ਵਿਚਾਰ ਹਿੱਤ ਮਿਤੀ 23.06.2021 ਨੂੰ ਪੇਸ਼ ਕੀਤਾ ਗਿਆ ਸੀ।

ਹਾਊਸ ਵੱਲੋਂ ਇਸ ਮੱਦ ਸਬੰਧੀ ਨਵੇਂ ਬਣੇ ਬਾਈਲਾਜ਼ ਦੀ ਕਾਪੀ ਹਰੇਕ ਕੌਂਸਲਰ ਸਾਹਿਬਾਨ ਨੂੰ ਮੁੱਹਈਆ ਕਰਾਉਣ ਅਤੇ ਇਸ ਉਪਰੰਤ ਇਸਤੇ ਵਿਚਾਰ ਕਰਨ ਖਾਤਰ ਮਤਾ ਨੰਬਰ 12 ਰਾਹੀਂ ਪੈਡਿੰਗ ਰੱਖਿਆ ਗਿਆ ਸੀ। ਹੁਣ ਮੁੜ੍ਹ ਤੋਂ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| **ਮਤਾ ਨੰਬਰ 42:** | **ਪੈਡਿੰਗ ਰੱਖਿਆ ਜਾਂਦਾ ਹੈ।** |
|---|---|

ਏਜੰਡਾ ਨੰਬਰ 11 :

ਰਿਪੋਰਟ ਸਿਹਤ ਸ਼ਾਖਾ ਕਿ ਪਾਲਤੂ ਕੁਤਿਆ/ਕੁਤੀਆ ਦੀ ਰਜਿਸਟਰੇਸ਼ਨ ਫੀਸ ਨਿਰਧਾਰਤ ਕਰਨ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਕੇਸ ਸੀ.ਡਬਲਯੂ.ਪੀ 18253 ਆਫ 2009 ਵਿੱਚ ਮਿਤੀ: 02.03.2020 ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ

N. All the dog owner are required to register their dogs with the Municipal Authorities are required to issue tokens. The owner of the dog must ensure that dogs poop must be picked up/removed and put in a bag/container to be disposed of at home in a hygienic manner.

O. The Municipal Authorities in the State of Punjab, Haryana and UT Chandigarh Authorities are directed to construct 4/5 dog pounds in their jurisdiction to house the stray dogs. The State of Punjab Haryana and UT Chandigarh are directed to strictly enforce the provision of the prevention of Cruelty to Animal ( Dog Breeding and Marketing ) Rules, 2017. All the dog breeders in the State of Punjab, Haryana and UT Chandigarh should be registered. The breeding of dogs without registration is banned.

ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 325 (Registration and control of dogs ) ਅਨੁਸਾਰ ਪਾਲਤੂ ਕੁਤਿਆ/ਕੁਤੀਆ ਦੀ ਰਜਿਸਟਰੇਸ਼ਨ ਕਰਨਾ ਲਾਜਮੀ ਹੈ।

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ (ਪੀ.ਐਮ.ਆਈ.ਡੀ.ਸੀ. ਚੰਡੀਗੜ੍ਹ ) ਵੱਲੋ ਪ੍ਰਾਪਤ ਮੀਮੋ ਨੰਬਰ PMIDC/IT/2021/1390-91 ਮਿਤੀ 24.02.2021 ਨੂੰ ਪ੍ਰਾਪਤ ਹੋਏ ਪੱਤਰ ਅਨੁਸਾਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਹਿੱਤ ਵਿਭਾਗ ਦੇ (IT & legal) ਵਿਭਾਗ ਵੱਲੋ ਇੱਕ ਆਨ-ਲਾਈਨ ਐਪਲੀਕੇਸ਼ਨ ਤਿਆਰ ਕੀਤੀ ਹੈ ਦਫ਼ਤਰ ਵੱਲੋ ਇਸ ਐਪਲੀਕੇਸ਼ਨ ਦੀ ਵਰਤੋ ਕਰਨ ਲਈ ਸਹਿਮਤੀ ਦਿੱਤੀ ਗਈ ਹੈ।

ਨਗਰ ਨਿਗਮ, ਬਠਿੰਡਾ ਵੱਲੋ ਡਾਗ-ਬਾਇਲਾਜ਼ ਨਹੀ ਬਨਾਏ ਗਏ ਹਨ ਜਿਸ ਕਾਰਨ ਹੁਣ ਤੱਕ ਕੁੱਤਿਆ/ਕੁਤੀਆ ਦੀ ਰਜਿਸਟਰੇਸ਼ ਫੀਸ ਨਿਰਧਾਰਤ ਨਹੀ ਹੈ। ਉਕਤ ਪੋਰਟਲ/ਐਪਲੀਕੇਸ਼ਨ ਦੀ ਵਰਤੋ ਕਰਨ ਤੋਂ ਪਹਿਲਾ ਰਜਿਸਟਰੇਸ਼ਨ ਲਈ ਫੀਸ ਨਿਰਧਾਰਤ ਕਰਨਾ ਜਰੂਰੀ ਹੈ । ਜੇਕਰ ਉੱਚ ਅਧਿਕਾਰੀਆਂ ਨੂੰ ਮੰਜੂਰ ਹੋਵੇ ਤਾਂ ਇਸ ਲਈ 500/- ਰੁਪਏ ਪ੍ਰਤੀ ਕੁੱਤਾ ਰਜਿਸਟਰੇਸ਼ ਫੀਸ ਤਜਵੀਜ ਕੀਤੀ ਜਾਂਦੀ ਹੈ।

ਉਕਤ ਮੱਦ ਨੂੰ ਮਿਤੀ 23.06.2021 ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ ਰੱਖਿਆ ਗਿਆ ਸੀ। ਹਾਊਸ ਵੱਲੋਂ ਇਸ ਸਬੰਧੀ ਵਿਸਥਾਰਪੂਰਵਕ ਤਜਵੀਜ ਤਿਆਰ ਕਰਕੇ ਕੌਂਸਲਰ ਸਾਹਿਬਾਨ ਨੂੰ ਭੇਜਣ ਲਈ ਮਤਾ ਨੰਬਰ 18 ਪਾਸ ਕੀਤਾ ਗਿਆ ਸੀ। ਤੱਦ ਤੱਕ ਇਸ ਮੱਦ ਨੂੰ ਪੈਡਿੰਗ ਰੱਖ ਲਿਆ ਗਿਆ ਸੀ। ਹੁਣ ਮੁੜ੍ਹ ਤੋਂ ਇਹ ਮੱਦ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 43:** | **ਪੈਡਿੰਗ ਰੱਖਿਆ ਜਾਂਦਾ ਹੈ।** |
|---|---|

ਏਜੰਡਾ ਨੰਬਰ 12 :

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸ਼੍ਰੀ ਸ਼ਾਮ ਲਾਲ ਪੁੱਤਰ ਸ਼੍ਰੀ ਰਾਮ ਸਰੂਪ, ਸੀਵਰਮੈਨ ਸਲਾਨਾ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 01.06.2021 ਨੂੰ ਨੌਕਰੀ ਦੌਰਾਨ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਰਵੀ ਲਾਲ ਪੁੱਤਰ ਸ਼੍ਰੀ ਸ਼ਾਮ ਲਾਲ ਵੱਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਆਧਾਰ ਤੇ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ। ਬਿਨੈਕਾਰ ਅਠਵੀਂ ਪਾਸ ਹੈ। ਦਿੱਤੇ ਗਏ ਦਸਤਾਵੇਜ਼ ਅਨੁਸਾਰ ਉਸਦੀ ਜਨਮ ਮਿਤੀ 02.06.1992 ਹੈ। ਮ੍ਰਿਤਕ ਦੇ ਵਾਰਸ ਨੂੰ ਨੌਕਰੀ ਸੀਵਰੇਜ਼ ਬੋਰਡ ਵੱਲੋਂ ਦਿੱਤੀ ਜਾਣੀ ਹੈ। ਜਿਸਦੀ ਤਨਖਾਹ ਦਾ ਸਾਰਾ ਖਰਚਾ ਸੀਵਰੇਜ਼ ਸਕੀਮ ਨੂੰ ਪੈਣਾ ਹੈ। ਇਸਦੀ ਅਦਾਇਗੀ ਨਗਰ ਨਿਗਮ ਵੱਲੋਂ ਕੀਤੀ ਜਾਣੀ ਹੈ। ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਸੀਵਰੇਜ਼ ਮੰਡਲ ਨੰ: 1 ਬਠਿੰਡਾ ਨੇ ਆਪਣੇ ਪੱਤਰ ਨੰ: 3142 ਮਿਤੀ 09.07.2021 ਰਾਹੀਂ ਮ੍ਰਿਤਕ ਸ਼੍ਰੀ ਸ਼ਾਮ ਲਾਲ ਪੁੱਤਰ ਸ਼੍ਰੀ ਰਾਮ ਸਰੂਪ ਦੇ ਵਾਰਸ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦੀ ਖਾਲੀ ਹੋਈ ਪੋਸਟ ਤੇ ਬਤੌਰ ਸੀਵਰਮੈਨ ਤਰਸ ਦੇ ਆਧਾਰ ਤੇ ਰੱਖਣ ਸਬੰਧੀ ਖਰਚੇ ਦੀ ਸਹਿਮਤੀ ਦੇਣ ਦੀ ਮੰਗ ਕੀਤੀ ਹੈ, ਤਾਂ ਜੋ ਕੇਸ ਮੁੱਖ ਦਫਤਰ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਚੰਡੀਗੜ੍ਹ ਜੀ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾ ਸਕੇ। ਸੋ, ਮ੍ਰਿਤਕ ਦੇ ਵਾਰਸ ਨੂੰ ਨੌਕਰੀ ਤੇ ਰੱਖਣ ਲਈ ਸਹਿਮਤ ਦੇਣ ਹਿੱਤ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 44:** | **ਪ੍ਰਵਾਨ ਹੈ।** |
|---|---|

ਏਜੰਡਾ ਨੰਬਰ 13 :

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਵਿਜੈ ਕੁਮਾਰ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਮਾਲੀ ਕੰਮ ਕਰਦਾ ਸੀ। ਜਿਸਦੀ ਮੌਤ ਮਿਤੀ 14.02.2021 ਨੂੰ ਹੋ ਗਈ ਸੀ। ਇਸਦੇ ਪੁੱਤਰ ਸ਼੍ਰੀ ਅਜੈ ਕੁਮਾਰ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਸ਼੍ਰੀ ਵਿਜੈ ਕੁਮਾਰ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਤੇ ਰੱਖਿਆ ਜਾਵੇ। ਸ਼੍ਰੀ ਅਜੈ ਕੁਮਾਰ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ (ਕਿਰਨਾ ਦੇਵੀ), ਇੱਕ ਭਰਾ (ਸ਼੍ਰੀ ਨਰੇਸ਼ ਕੁਮਾਰ) ਅਤੇ ਤਿੰਨ ਭੈਣਾਂ (ਮੰਜੂ ਬਾਲਾ ਪਤਨੀ ਰਮੇਸ਼ ਕੁਮਾਰ, ਨੀਲਮ ਰਾਣੀ ਪਤਨੀ ਧਰਮਵੀਰ, ਪੂਜਾ ਰਾਣੀ ਪਤਨੀ ਵਿਨੋਣ ਕੁਮਾਰ) ਹਨ। ਸ਼੍ਰੀ ਅਜੈ ਕੁਮਾਰ ਪੁੱਤਰ ਸ਼੍ਰੀ ਵਿਜੈ ਕੁਮਾਰ ਵਲੋਂ ਹੇਠ ਲਿਖੇ ਅਨੁਸਾਰ ਹਲਫੀਆ ਬਿਆਨ ਦਿੱਤਾ ਗਿਆ ਹੈ:

1. ਮੇਰੀ ਮਾਤਾ ਕਿਰਨਾ ਦੇਵੀ ਘਰੇਲੂ ਔਰਤ ਹੈ।
2. ਮੇਰੀਆਂ ਭੈਣਾ ਮੰਜੂ ਬਾਲਾ, ਪੂਜਾ ਰਾਣੀ ਅਤੇ ਨੀਲਮ ਰਾਣੀ ਤਿੰਨੋ ਵਿਆਹੀਆਂ ਹੋਈਆ ਹਨ ਅਤੇ ਘਰੇਲੂ ਔਰਤਾਂ ਹਨ।
3. ਮੇਰਾ ਭਰਾ ਨਰੇਸ਼ ਕੁਮਾਰ ਵੀ ਵਿਆਹਿਆ ਹੋਇਆ ਹੈ ਅਤੇ ਰੋਜ਼ ਗਾਰਡਨ ਵਿੱਚ ਪ੍ਰਾਈਵੇਟ ਕੰਮ ਕਰਦਾ ਹੈ।
4. ਅਜੈ ਕੁਮਾਰ ਬੇਰੋਜ਼ਗਾਰ ਵਿਅਕਤੀ ਹੈ ਅਤੇ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ।

ਉਸਦੇ ਪਿਤਾ ਦੇ ਪਰਿਵਾਰਕ ਮੈਂਬਰਾਂ ਵੱਲੋ ਸ਼੍ਰੀ ਅਜੈ ਕੁਮਾਰ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਕਲੱਰਕ ਦੀ ਨੌਕਰੀ ਤੇ ਰੱਖਿਆ ਜਾਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਸ਼੍ਰੀ ਅਜੈ ਕੁਮਾਰ ਦੇ ਹਲਫੀਆ ਬਿਆਨ ਅਨੁਸਾਰ ਉਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਉਨ੍ਹਾਂ ਕੋਲ ਇੱਕ 100 ਵ: ਗਜ਼ ਦਾ ਮਕਾਨ ਵਾਕਿਆ ਰਕਬਾ ਜਨਤਾ ਨੰਬਰ ਗਲੀ ਨੰ: 1 ਬਠਿੰਡਾ ਵਿੱਚ ਹੈ। ਉਸਦੀ ਮਾਤਾ ਸ਼੍ਰੀਮਤੀ ਕਿਰਨਾ ਦੇਵੀ ਉਸਤੇ ਹੀ ਨਿਰਭਰ ਹਨ। ਇੰਨ੍ਹਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ। ਉਮੀਦਵਾਰ ਵੱਲੋਂ ਦਿੱਤੇ ਗਏ ਦਸਤਾਵੇਜ਼ ਅਨੁਸਾਰ ਉਮੀਦਵਾਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਬੀ.ਏ. ਪਾਸ ਹੈ। ਉਸਦੀ ਜਨਮ ਮਿਤੀ 26.03.1996 ਹੈ।

ਪੰਜਾਬ ਸਰਕਾਰ ਦੀਆਂ ਸਾਲ 2009 ਦੀਆ ਹਦਾਇਤਾਂ ਅਨੁਸਾਰ ਕਲੱਰਕ ਦੀ ਆਸਾਮੀ ਲਈ ਘੱਟੋ-ਘੱਟ ਵਿਦਿਅਕ ਯੋਗਤਾ ਗ੍ਰੈਜੂਏਸ਼ਨ ਦੇ ਨਾਲ 120 ਘੰਟੇ ਕੰਪਿਊਟਰ ਦਾ ਡਿਪਲੋਮਾ ਹੈ। ਉਮੀਦਵਾਰ ਵਿਦਿਅਕ ਯੋਗਤਾਵਾਂ ਪੂਰੀਆਂ ਕਰਦਾ ਹੈ ਅਤੇ ਤਰਸ ਦੇ ਆਧਾਰ ਤੇ ਨਿਯੁਕਤੀ ਸਬੰਧੀ ਹਦਾਇਤਾਂ ਅਨੁਸਾਰ ਨਿਯੁਕਤੀ ਉਪਰੰਤ ਇਸ ਵੱਲੋਂ ਟਾਇਪ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰ: 11/94/2002/-4 ਪੀ.ਪੀ. - 11/650 ਮਿਤੀ 12.01.2004 ਅਤੇ ਪੱਤਰ ਨੰ: 11/94/2002 ਪੀ.ਪੀ. 11/8402 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: 2/65/2003-ਸਸ/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਵਿਜੈ ਕੁਮਾਰ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ ਨੰ: 31/2011/5 ਐਫ.ਈ.-1/301 ਮਿਤੀ 21.02.2011 ਅਨੁਸਾਰ ਕੇਸ ਤਰਸ ਦੇ ਆਧਾਰ ਤੇ ਨੌਕਰੀ ਲਈ ਵਿਚਾਰਿਆ ਜਾਣਾ ਹੈ।

ਰਿਪੋਰਟ ਕੀਤੀ ਗਈ ਹੈ ਸ਼੍ਰੀ ਵਿਜੈ ਕੁਮਾਰ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਮਾਲੀ ਕੰਮ ਕਰਦਾ ਸੀ, ਜਿਸਦੀ ਮਿਤੀ 14.02.2021 ਨੂੰ ਮੌਤ ਹੋ ਗਈ ਸੀ। ਮ੍ਰਿਤਕ ਸ਼੍ਰੀ ਵਿਜੈ ਕੁਮਾਰ ਦੀ ਜਨਮ ਮਿਤੀ 01.01.1965 ਸੀ। ਮ੍ਰਿਤਕ ਦੇ ਵਾਰਸਾਂ ਦੀ ਜਨਮ ਮਿਤੀ ਹੇਠ ਲਿਖੇ ਅਨੁਸਾਰ ਹੈ:

| ਨਾਮ | ਜਨਮ ਮਿਤੀ |
|---|---|
| 1. ਸ਼੍ਰੀਮਤੀ ਕਿਰਨਾ ਦੇਵੀ, ਪਤਨੀ | 01.01.1967 (54 ਸਾਲ) |
| 2. ਸ਼੍ਰੀ ਨਰੇਸ਼ ਕੁਮਾਰ, ਪੁੱਤਰ | 20.01.1986 (35 ਸਾਲ) |

| | |
|---|---|
| 3. ਸ਼੍ਰੀਮਤੀ ਮੰਜੂ ਬਾਲਾ, ਪੁੱਤਰੀ | 19.09.1988 (33 ਸਾਲ) |
| 4. ਸ਼੍ਰੀਮਤੀ ਪੂਜਾ ਰਾਣੀ, ਪੁੱਤਰੀ | 1991 (30 ਸਾਲ) |
| 5. ਸ਼੍ਰੀਮਤੀ ਨੀਲਮ ਰਾਣੀ, ਪੁੱਤਰੀ | 27.10.1992 (29 ਸਾਲ) |
| 6. ਸ਼੍ਰੀ ਅਜੈ ਕੁਮਾਰ, ਪੁੱਤਰ | 26.03.1996 (25 ਸਾਲ) (ਤਰਸ ਦੇ ਆਧਾਰ ਤੇ ਨੌਕਰੀ ਲਈ ਬਿਨੈਕਾਰ) |

ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 45:** | **ਪ੍ਰਵਾਨ ਹੈ।** |
|---|---|

ਏਜੰਡਾ ਨੰਬਰ 14 :

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀਮਤੀ ਬਿਮਲਾ ਕੋਰ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸੇਵਾਦਾਰ ਕੰਮ ਕਰਦੀ ਸੀ, ਜਿਸਦੀ ਮਿਤੀ 02.01.2021 ਨੂੰ ਮੋਤ ਹੋ ਗਈ ਸੀ। ਉਸਦੀ ਪੁੱਤਰੀ ਗੁਰਦੀਪ ਕੋਰ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਤਰਸ ਦੇ ਆਧਾਰ ਤੇ ਸੇਵਾਦਾਰ ਦੀ ਨੌਕਰੀ ਦਿੱਤੀ ਜਾਵੇ। ਉਸ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਮੁਤਾਬਿਕ ਬਿਮਲਾ ਕੋਰ ਪਤਨੀ ਸ਼੍ਰੀ ਤੇਜਾ ਸਿੰਘ ਦੇ ਪੰਜ ਵਾਰਸ ਹਨ। ਹਰਮੀਤ ਕੋਰ ਜਿਸ ਦੀ ਮੋਤ 03.02.2020 ਨੂੰ ਹੋ ਚੁੱਕੀ ਹੈ। ਗੁਰਮੀਤ ਸਿੰਘ, ਹਰਦੀਪ ਸਿੰਘ, ਰਾਜਵਿੰਦਰ ਕੋਰ (ਸ਼ਾਦੀਸ਼ੁਦਾ)। ਇੰਨ੍ਹਾ ਪਰਿਵਾਰਕ ਮੈਂਬਰਾਂ ਵੱਲੋਂ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀਮਤੀ ਗੁਰਦੀਪ ਕੋਰ ਨੂੰ ਨੋਕਰੀ ਦੇਣ ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਗੁਰਦੀਪ ਕੋਰ ਜਿਸਦਾ ਤਲਾਕ CS150/2021 ਮਿਤੀ 01.04.2021 ਰਾਹੀਂ ਹੋ ਚੁੱਕਾ ਹੈ। ਗੁਰਦੀਪ ਕੋਰ ਵੱਲੋਂ ਦਸਵੀਂ ਫੇਲ ਦਾ ਸਰਟੀਫਿਕੇਟ ਪੇਸ਼ ਕੀਤਾ ਗਿਆ ਹੈ, ਜਿਸ ਅਨੁਸਾਰ ਉਸਦੀ ਜਨਮ ਮਿਤੀ 15.10.1990 ਹੈ।

ਪੰਜਾਬ ਮਿਉਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1986 ਅਨੁਸਾਰ ਸੇਵਾਦਾਰ ਦੀ ਆਸਾਮੀ ਲਈ ਤਰਸ ਦੇ ਆਧਾਰ ਤੇ ਵਿਦਿਅਕ ਯੋਗਤਾ ਮਿਡਲ ਪੰਜਾਬ ਸਮੇਤ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰ: 11/94/2002/-4 ਪੀ.ਪੀ. - 11/650 ਮਿਤੀ 12.01.2004 ਅਤੇ ਪੱਤਰ ਨੰ: 11/94/2002 ਪੀ.ਪੀ. 11/8402 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: 2/65/2003-ਸਸ/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਬਿਮਲਾ ਕੋਰ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ ਨੰ: 31/2011/5 ਐਫ.ਈ.-1/301 ਮਿਤੀ 21.02.2011 ਅਨੁਸਾਰ ਕੇਸ ਤਰਸ ਦੇ ਆਧਾਰ ਤੇ ਨੋਕਰੀ ਲਈ ਵਿਚਾਰਿਆ ਜਾਣਾ ਹੈ।

ਰਿਪੋਰਟ ਕੀਤੀ ਗਈ ਹੈ ਸ਼੍ਰੀਮਤੀ ਬਿਮਲਾ ਕੋਰ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸੇਵਦਾਰ ਕੰਮ ਕਰਦੀ ਸੀ, ਜਿਸਦੀ ਮਿਤੀ 02.01.2021 ਨੂੰ ਮੋਤ ਹੋ ਗਈ ਸੀ। ਮ੍ਰਿਤਕ ਸ਼੍ਰੀਮਤੀ ਬਿਮਲਾ ਕੋਰ ਦੀ ਜਨਮ ਮਿਤੀ 15.06.1968 ਹੈ। ਇਸ ਅਨੁਸਾਰ ਜੇਕਰ ਕਰਮਚਾਰਣ ਦੀ ਮੋਤ ਨਾ ਹੋਈ ਹੁੰਦੀ ਤਾਂ ਉਸਦੀ ਰਿਟਾਇਰਮੈਂਟ 30.06.2028 ਬਣਦੀ ਸੀ। ਮ੍ਰਿਤਕ ਦੇ ਵਾਰਸਾਂ ਦੀ ਜਨਮ ਮਿਤੀ ਹੇਠ ਲਿਖੇ ਅਨੁਸਾਰ ਹੈ:

| ਨਾਮ | ਜਨਮ ਮਿਤੀ |
|---|---|
| 1. ਸ਼੍ਰੀਮਤੀ ਹਰਮੀਤ ਕੋਰ, ਪੁੱਤਰੀ | 29.10.1982 (38 ਸਾਲ) 03.02.2020 (ਮੋਤ ਦੀ ਮਿਤੀ) |
| 2. ਸ਼੍ਰੀ ਗੁਰਮੀਤ ਸਿੰਘ, ਪੁੱਤਰ | 01.01.1984 (37 ਸਾਲ) |
| 3. ਸ਼੍ਰੀਮਤੀ ਰਾਜਵਿੰਦਰ ਕੋਰ, ਪੁੱਤਰੀ | 01.01.1987 (34 ਸਾਲ) |
| 4. ਸ਼੍ਰੀ ਹਰਦੀਪ ਸਿੰਘ, ਪੁੱਤਰ | 01.08.1992 (29 ਸਾਲ) |
| 5. ਸ਼੍ਰੀਮਤੀ ਗੁਰਦੀਪ ਕੋਰ, ਪੁੱਤਰੀ | 15.10.1990 (31 ਸਾਲ) (ਤਰਸ ਦੇ ਆਧਾਰ ਤੇ ਨੋਕਰੀ ਲਈ ਬਿਨੈਕਾਰ) |

ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 46:** | **ਪ੍ਰਵਾਨ ਹੈ।** |
|---|---|

ਏਜੰਡਾ ਨੰਬਰ 15 :

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਦਫਤਰ ਨੂੰ ਲਿਖਤੀ ਨੋਟ ਭੇਜੇ ਹੋਏ ਲਿਖਿਆ ਗਿਆ ਹੈ ਕਿ "ਨਗਰ ਨਿਗਮ ਦੀ ਮੋਜੂਦਾ ਮਿਉਂਸਪਲ ਲਿਮਿਟ ਦੇ ਨਾਲ ਲਗਦੇ ਬਾਹਰਲੇ ਖਾਲੀ ਇਲਾਕਿਆਂ ਵਿੱਚ ਕਈ ਵੱਡੇ ਪ੍ਰੋਜੈਕਟ ਹੋਂਦ ਵਿੱਚ ਆ ਰਹੇ ਹਨ। ਇਸਤੋਂ ਇਲਾਵਾ ਮੋਜੂਦਾ ਮਿਉਂਸਪਲ ਲਿਮਿਟ ਦੇ ਬਾਹਰਲੇ ਪਾਸੇ ਕਈ ਰਿਹਾਇਸ਼ੀ ਏਰੀਏ ਵੀ ਡਿਵੈਲਪ ਹੋ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਇਹਨਾਂ ਬਾਹਰਲੇ ਇਲਾਕਿਆਂ ਲਈ ਪਾਣੀ, ਸੀਵਰੇਜ਼, ਸਟਰੀਟ ਲਾਈਟ ਅਤੇ ਹੋਰ ਵਿਕਾਸ ਦੇ ਕੰਮਾਂ ਦਾ ਲੋਡ ਵੀ ਨਗਰ ਨਿਗਮ ਤੇ ਪਵੇਗਾ। ਪਰੰਤੂ ਅੱਜ ਇਹਨਾਂ ਇਲਾਕਿਆਂ ਵਿੱਚ ਡਿਵੈਲਪ ਹੋਣ ਵਾਲੇ ਪ੍ਰੋਜੈਕਟਾਂ ਤੋਂ ਆਉਣ ਵਾਲੀਆਂ ਫੀਸਾਂ ਵੱਖ-ਵੱਖ ਹੋਰ ਅਦਾਰਿਆਂ ਪਾਸ ਜਾ ਰਹੀਆਂ ਹਨ, ਜਿਸ ਨਾਲ ਨਿਗਮ ਦਾ ਵਿੱਤੀ ਨੁਕਸਾਨ ਵੀ ਹੋ ਰਿਹਾ ਹੈ। ਇਸ ਲਈ ਮੇਰਾ

ਸੁਝਾਅ ਹੈ ਕਿ ਮਿਉਂਸਪਲ ਲਿਮਿਟ ਦੇ ਆਲੇ-ਦੁਆਲੇ ਜਿੰਨ੍ਹਾਂ ਇਲਾਕਿਆਂ ਵਿੱਚ ਨਵੀਂ ਗਰੋਥ ਹੋ ਰਹੀ ਹੈ, ਜਾਂ ਹੋਣ ਦੀ ਸੰਭਾਵਨਾਂ ਹੈ, ਉਨ੍ਹਾਂ ਇਲਾਕਿਆਂ ਨੂੰ ਹੁਣੇ ਤੋਂ ਹੀ ਮਿਉਂਸਪਲ ਲਿਮਿਟ ਅੰਦਰ ਲੈ ਲਿਆ ਜਾਵੇ, ਤਾਂ ਜੋ ਇੰਨ੍ਹਾਂ ਇਲਾਕਿਆਂ ਦੀ ਪਲੈਨਡ ਗਰੋਥ ਹੋ ਸਕੇ"।

ਉਕਤ ਸਬੰਧੀ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 47:** | **ਪਾਸ ਕੀਤਾ ਗਿਆ ਕਿ ਇਸ ਸਬੰਧੀ ਸਬ-ਕਮੇਟੀ ਬਣਾ ਕੇ ਵਿਸਥਾਰਪੂਰਵਕ ਸਰਵੈ ਕਰਵਾਇਆ ਜਾਵੇ। ਸਬ-ਕਮੇਟੀ ਦੀ ਰਿਪੋਰਟ ਹਾਊਸ ਪਾਸ ਰੱਖੀ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਜੀ ਨੂੰ ਦਿੱਤੇ ਜਾਂਦੇ ਹਨ।** |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:

ਏਜੰਡਾ ਨੰ: 1:

ਰਿਪੋਰਟ ਵਰਕਸ ਸ਼ਾਖਾ ਕਿ ਮਿਤੀ 30.08.2021 ਨੂੰ ਜਨਮ ਅਸ਼ਟਮੀ ਦਾ ਉਤਸਵ ਹੈ। ਇਸ ਉਤਸਵ ਨੂੰ ਧੂਮਧਾਮ ਨਾਲ ਮਨਾਉਣ ਲਈ ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਵੱਲੋਂ ਕੀਤੇ ਗਏ ਆਦੇਸ਼ਾਂ ਅਨੁਸਾਰ, ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਵਿੱਚ ਰੰਗ ਰੋਗਣ, ਲੜੀਆਂ, ਲੇਜ਼ਰ ਲਾਇਟਸ, ਫੁੱਲਾਂ ਦੀ ਸਜਾਵਟ ਆਦਿ ਲਗਾ ਕੇ ਵੱਖ-ਵੱਖ ਮੁੱਖ ਸੜ੍ਹਕਾਂ ਤੇ ਚੌਂਕਾਂ ਨੂੰ ਸਜਾਇਆ ਜਾਣਾ ਹੈ, ਜਿਸਤੇ ਲਗਭਗ 7.00 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਹ ਰਕਮ ਖਰਚ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 48:** | **ਪ੍ਰਵਾਨ ਹੈ।** |

ਏਜੰਡਾ ਨੰ: 2:

ਰਿਪੋਰਟ ਵਰਕਸ ਸ਼ਾਖਾ ਕਿ ਜੋਗਰ ਪਾਰਕ ਵਿਖੇ ਬਣੇ ਕਮਿਊਨਿਟੀ ਸੈਂਟਰ ਨੂੰ Development and Welfare Society Regd. Hazura Kapura Colony Bathinda ਨੂੰ ਹੈਂਡ ਓਵਰ ਕਰਨ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ "ਜੋਗਰ ਪਾਰਕ ਵਾਟਰ ਟੈਂਕ ਨੰਬਰ 4 ਪਾਸ ਕਮਿਊਨਿਟੀ ਸੈਂਟਰ ਬਣਾਉਣ ਲਈ ਮਤਾ ਨੂੰ 110(6) ਪਾਸ ਕੀਤਾ ਗਿਆ ਸੀ। ਇੰਮਪਰੂਮੈਂਟ ਟਰੱਸਟ, ਬਠਿੰਡਾ ਵੱਲੋਂ ਜੋਗਰ ਪਾਰਕ ਵਿਖੇ ਕਮਿਊਨਿਟੀ ਸੈਂਟਰ ਬਣਾਉਣ ਲਈ ਨਗਰ ਨਿਗਮ ਵੱਲੋਂ ਦਫਤਰੀ ਪੱਤਰ ਨੰਬਰ 109/ਵ ਮਿਤੀ 17.02.2020 ਰਾਹੀ ਇਤਰਾਜਹੀਨਤਾ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ। ਇੰਮਪਰੂਮੈਂਟ ਟਰੱਸਟ, ਬਠਿੰਡਾ ਵੱਲੋਂ ਜੋਗਰ ਪਾਰਕ ਵਿਖੇ ਕਮਿਊਨਿਟੀ ਸੈਂਟਰ ਬਣਾ ਲਿਆ ਗਿਆ ਹੈ ਅਤੇ ਆਪਣੇ ਪੱਤਰ ਨੰਬਰ 1438 ਮਿਤੀ 26.07.2021 ਰਾਹੀ ਨਗਰ ਨਿਗਮ ਨੂੰ ਟੈਂਕ ਓਵਰ ਕਰਨ ਦੀ ਬੇਨਤੀ ਕੀਤੀ ਹੈ।

ਇਸ ਸਬੰਧੀ Development and Welfare Society Regd. Hazura Kapura Colony Bathinda ਵੱਲੋਂ ਮੰਗ ਕੀਤੀ ਗਈ ਹੈ ਕਿ ਕੰਮਿਉਨਿਟੀ ਸੈਂਟਰ ਇਸ ਸੋਸਾਇਟੀ ਨੂੰ ਚਲਾਉਣ ਅਤੇ ਇਸ ਦੀ ਸਾਭ-ਸੰਭਾਲ ਲਈ ਦੇ ਦਿੱਤਾ ਜਾਵੇ। ਇਸ ਦਾ ਬਿਜਲੀ ਦਾ ਬਿੱਲ ਇਸ ਸੋਸਾਇਟੀ ਵੱਲੋਂ ਹੀ ਭਰਿਆ ਜਾਵੇਗਾ ਅਤੇ ਸੋਸਾਇਟੀ ਇਸ ਕਮਿਊਨਿਟੀ ਸੈਂਟਰ ਨੂੰ ਕਿਸੇ ਵਪਾਰਿਕ ਤੋਰ ਤੇ ਨਹੀਂ ਵਰਤੇਗੀ।

ਇਸ ਲਈ ਯੋਗ ਹੋਵੇਗਾ ਕਿ ਜੋਗਰ ਪਾਰਕ ਵਿਖੇ ਬਣੇ ਕਮਿਊਨਿਟੀ ਸੈਂਟਰ ਨੂੰ Development and Welfare Society Regd. Hazura Kapura Colony Bathinda ਨੂੰ ਇਸ ਦੀ ਰੱਖ-ਰਖਾਵ ਅਤੇ ਚਲਾਉਣ ਲਈ ਦੇ ਦਿੱਤਾ ਜਾਵੇ।

ਉਕਤ ਅਨੁਸਾਰ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 49:** | **ਪ੍ਰਵਾਨ ਹੈ।** |

**ਤਜਵੀਜ:**

ਸ੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਮਿਤੀ 01.10.2020 ਤੋਂ 5 ਮਰਲੇ ਦੇ ਰਿਹਾਇਸ਼ੀ ਘਰਾਂ ਨੂੰ ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਤੇ ਸਰਕਾਰ ਵੱਲੋਂ ਦਿੱਤੀ ਛੋਟ ਵਾਪਸ ਲੈ ਲਈ ਗਈ ਹੈ। ਸਰਕਾਰ ਵੱਲੋਂ ਜਾਰੀ ਪੱਤਰ ਨੰਬਰ 5/45/2020-1 ਐਲਜੀ4/702-706 ਮਿਤੀ 31.03.2021 ਅਨੁਸਾਰ ਇਹ ਛੋਟ ਨਗਰ ਨਿਗਮ ਬਠਿੰਡਾ ਵੱਲੋਂ ਆਪਣੀਆਂ ਸ਼ਰਤਾਂ ਅਨੁਸਾਰ ਦਿੱਤੀ ਜਾ ਸਕਦੀ ਹੈ। ਸਰਕਾਰ ਦੇ ਉਕਤ ਪੱਤਰ ਅਨੁਸਾਰ ਮੈਂ ਤਜਵੀਜ ਕਰਦਾ ਹਾਂ ਕਿ ਇਸ ਛੋਟ ਨੂੰ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਰੱਖਿਆ ਜਾਵੇ। ਇਸ ਲਈ ਸਰਕਾਰ ਦਾ ਪੱਤਰ ਅਤੇ ਉਕਤ ਤਜਵੀਜ ਨੂੰ ਹਾਊਸ ਸਾਹਮਣੇ ਫੈਸਲਾ ਲੈਣ ਲਈ ਪੇਸ਼ ਕੀਤੀ ਜਾਵੇ।

**ਸਰਬ-ਸੰਮਤੀ ਨਾਲ ਪਾਣੀ ਅਤੇ ਸੀਵਰੇਜ਼ ਦੇ ਬਿੱਲਾਂ ਦੀ ਛੋਟ ਦੀ ਤਜਵੀਜ ਪ੍ਰਵਾਨ ਹੈ।**

ਇਸ ਉਪਰੰਤ ਹੇਠ ਲਿਖੇ ਅਨੁਸਾਰ ਕੌਂਸਲਰ ਸਾਹਿਬਾਨ ਨੇ ਆਪਣੇ ਮੁੱਦੇ/ਸਮੱਸਿਆਵਾਂ ਸਬੰਧੀ ਦੱਸਿਆ।

ਸ੍ਰੀ ਬਲਰਾਜ ਸਿੰਘ, ਕੌਂਸਲਰ, ਵਾਰਡ ਨੰਬਰ 16 ਨੇ ਮੰਗ ਕੀਤੀ ਕਿ ਏਜੰਡਾ ਲੜੀ ਨੰਬਰ 15 ਤੇ ਦਰਜ਼ ਮੱਦ ਅਧੀਨ ਉਹਨਾਂ ਦਾ ਆਉਟਰ ਏਰੀਆ ਵੀ ਸਬ-ਕਮੇਟੀ ਵੱਲੋਂ ਵਿਚਾਰ ਲਿਆ ਜਾਵੇ। ਉਹਨਾਂ ਆਪਣੇ ਵਾਰਡ ਵਿੱਚ ਹੋਏ ਵਿਕਾਸ ਦੇ ਕੰਮਾਂ ਲਈ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਹਨਾਂ ਸੁਝਾਅ ਦਿੱਤਾ ਕਿ ਬਠਿੰਡਾ ਵਿਖੇ ਬਣੇ ਸਾਰੇ ਪੁੱਲਾਂ ਦੇ ਨੰਬਰ ਅਤੇ ਬੋਰਡ ਲਗਾਏ ਜਾਣ ਤਾਂ

ਜੋ ਬਾਹਰ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਕੋਈ ਦਿੱਕਤ ਨਾ ਆਵੇ। ਉਹਨਾਂ ਸਲੱਜ ਕੈਰੀਅਰ ਵਾਲੀ ਥਾਂ ਤੇ ਕਮਰਾ, ਪਾਈਪਾਂ ਅਤੇ ਜਾਲੀ ਲਾਉਣ ਦੀ ਮੰਗ ਕੀਤੀ। ਉਹਨਾਂ ਰੋਡ ਗੈਂਗ ਸ਼ਾਖਾ ਲਈ ਦੋ ਟਿੱਪਰ ਲੈਣ ਤੋਂ ਇਲਾਵਾ ਕਰਮਚਾਰੀ ਵਧਾਏ ਜਾਣ ਦੀ ਵੀ ਮੰਗ ਕੀਤੀ।

ਸ਼੍ਰੀਮਤੀ ਅਮਨਦੀਪ ਕੌਰ, ਕੌਂਸਲਰ ਵਾਰਡ ਨੰਬਰ 1 ਨੇ ਆਪਣੇ ਪੱਛੜੇ ਹੋਏ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਪਹਿਲਾਂ ਹੀ ਵਾਰਡ ਨੰਬਰ 01 ਵਿੱਚ ਬਹੁਤ ਜਿਆਦਾ ਵਿਕਾਸ ਦੇ ਕੰਮ ਕਰਵਾਏ ਜਾ ਚੁੱਕੇ ਹਨ। ਜੇਕਰ ਕੋਈ ਕੰਮ ਰਹਿੰਦਾ ਹੈ ਤਾਂ ਲਿਖਤੀ ਤੌਰ ਤੇ ਦੇ ਦਿੱਤਾ ਜਾਵੇ।

ਸ਼੍ਰੀਮਤੀ ਮਮਤਾ, ਕੌਂਸਲਰ ਵਾਰਡ ਨੰਬਰ 47 ਨੇ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਹੋਣ ਤੇ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਸ਼੍ਰੀਮਤੀ ਕਮਲਜੀਤ ਕੌਰ, ਕੌਂਸਲਰ ਵਾਰਡ ਨੰਬਰ 25 ਨੇ ਲਿਖਤੀ ਦਰਖਾਸਤ ਦਿੰਦੇ ਹੋਏ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਮਾਲ ਗੋਦਾਮ ਰੋਡ ਤੇ ਕੰਮਿਊਨਿਸਟ ਵਾਲੀ ਗਲੀ ਵਿੱਚ ਬਣੇ ਨਵੇਂ ਪਾਰਕ ਵਿੱਚ ਝੂੱਲੇ, ਛਤਰੀ, ਓਪਨ ਏਅਰ ਜਿੰਮ ਅਤੇ ਬਾਊਂਡਰੀ ਵਾਲ ਤੇ ਜਾਲੀ ਲਗਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਸਿਰਕੀ ਬਾਜਾਰ ਵਿਖੇ ਬਿਜਲੀ ਦੇ ਖੰਭਿਆਂ ਤੇ ਮੋਟੀ ਕੇਬਲ ਪਵਾਈ ਜਾਵੇ। ਪੁਰਾਣਾ ਥਾਣਾ ਦੇ ਪਿੱਛੇ ਪਾਣੀ ਵਾਲੇ ਆਰ.ਓ. ਦੇ ਨਾਲ ਲੋਕਾਂ ਦੀ ਸਹੂਲਤ ਲਈ ਪਬਲਿਕ ਬਾਥਰੂਮ ਬਣਾਇਆ ਜਾਵੇ। ਵਾਰਡ ਦੀਆਂ ਜਿੰਨ੍ਹਾਂ ਗਲੀਆਂ ਤੇ ਇੰਟਰਲਾਕਿੰਗ ਟਾਇਲਾਂ ਲੱਗਣ ਤੋਂ ਰਹਿੰਦੀਆਂ ਹਨ, ਉਹ ਲਗਾਈਆਂ ਜਾਣ। ਜਿਸ ਥਾਂਈਂ ਪੀਣ ਵਾਲੇ ਪਾਣੀ ਦੀ ਪਾਈਪ ਪਾਣੀ ਜਾਣੀ ਹੈ, ਉਹ ਪਾਈ ਜਾਵੇ। ਜਿਸ ਜਗ੍ਹਾ ਪੀ.ਸੀ. ਦੇ ਕੰਮ ਹੋਣ ਵਾਲੇ ਹਨ, ਉਹ ਕਰਵਾਏ ਜਾਣ। ਮੁੱਹਲਿਆਂ ਦੀਆਂ ਗਲੀਆਂ ਵਿੱਚ ਲਮਕਦੀਆਂ ਬਿਜਲੀ ਦੀਆਂ ਤਾਰਾਂ ਨੂੰ ਦਰੁੱਸਤ ਕੀਤਾ ਜਾਵੇ। ਸੀਵਰ ਦੀ ਸਫਾਈ ਕਰਵਾਈ ਜਾਵੇ ਅਤੇ ਦਾਤਾ ਰਾਮ ਕਰਿਆਨਾ ਸਟੋਰ, ਗੁਰੂ ਨਾਨਕ ਪੁਰਾ ਮੁੱਹਲਾ ਵਿਖੇ 50 ਮੀਟਰ ਸੀਵਰ ਦੀ ਪਾਈਪ ਅਤੇ 2 ਮੇਨਹੋਲ ਬਣਾਏ ਜਾਣ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਣਦੇ ਕੰਮ ਜਲਦ ਕਰਵਾਏ ਜਾਣ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਵਾਰਡ ਨੰਬਰ 29 ਨੇ ਉਹਨਾਂ ਦੇ ਵਾਰਡ ਵਿੱਚ ਡਾ: ਨਾਗਪਾਲ ਦੀ ਬੈਕ ਸਾਈਡ ਤੇ ਆਰ.ਓ., ਨਵੀਂ ਬਸਤੀ ਦੀ ਸੜ੍ਹਕ ਨੂੰ ਜਲਦ ਤੋਂ ਜਲਦ ਚੌੜ੍ਹੀ ਕਰਨ ਅਤੇ ਸਪੋਰਟਸ ਮਾਰਕੀਟ ਵਿਖੇ ਪਾਰਕਿੰਗ ਦਾ ਮਸਲਾ ਸੁਲਝਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਦੀਆਂ ਰੋਡ ਜਾਲੀਆਂ ਸਾਫ ਕਰਵਾਈਆਂ ਜਾਣ, ਮਾਤਾ ਰਾਣੀ ਗਲੀ ਅਤੇ ਨਵੀਂ ਬਸਤੀ ਦੀਆਂ ਗਲੀਆਂ ਦੇ ਸੀਵਰ ਦੀ ਡੀ-ਸਿਲਟਿੰਗ ਕਰਵਾਈ ਜਾਵੇ ਅਤੇ ਮਾਲ ਰੋਡ ਦਾ ਜਲਦ ਤੋਂ ਜਲਦ ਸੁੰਦਰੀਕਰਨ ਕੀਤਾ ਜਾਵੇ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਣਦੇ ਕੰਮ ਜਲਦ ਕਰਵਾਏ ਜਾਣ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਵਾਰਡ ਨੰਬਰ 39 ਨੇ ਉਹਨਾਂ ਦੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀ ਟੈਂਕੀ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਡੀ.ਡੀ. ਟਾਵਰ ਦੇ ਪਿੱਛੇ ਸੀਵਰੇਜ਼ ਓਵਰ ਫਲੋ ਹੋ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਬੇਨਤੀ ਕੀਤੀ। ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨੂੰ ਟੈਂਕੀ ਸਬੰਧੀ ਰਿਪੋਰਟ ਕਰਨ ਅਤੇ ਸੀਵਰੇਜ਼ ਸਬੰਧੀ ਸਮੱਸਿਆ ਦਾ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ ਗਈ।

ਸ਼੍ਰੀਮਤੀ ਕੁਲਵਿੰਦਰ ਕੌਰ, ਕੌਂਸਲਰ ਵਾਰਡ ਨੰਬਰ 39 ਨੇ ਉਹਨਾਂ ਦੇ ਵਾਰਡ ਵਿੱਚ ਕਈ ਥਾਂਈਂ ਨਵੀਆਂ ਸਟਰੀਟ ਲਾਈਟਾਂ ਲਗਾਉਣ ਅਤੇ ਕੁੱਝ ਪੁਰਾਣੀਆਂ ਲਾਈਟਾਂ ਦੀ ਰਿਪੇਅਰ ਕਰਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਹਰੇਕ ਕੌਂਸਲਰ ਨੂੰ 20-20 ਲਾਈਟਾਂ ਦੇ ਦਿੱਤੀਆਂ ਜਾਣ ਤਾਂ ਜੋ ਲੋੜ੍ਹ ਪੈਣ ਤੇ ਲਾਈਟਾਂ ਲਗਵਾਈਆਂ ਜਾ ਸਕਣ। ਉਹਨਾਂ ਆਪਣੇ ਵਾਰਡ ਦੀਆਂ ਸੜ੍ਹਕਾਂ ਤੇ ਪੀ.ਸੀ. ਅਤੇ ਸਫਾਈ ਸੇਵਕਾਂ ਦੀ ਗਿਣਤੀ ਵਧਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਸੀਵਰਮੈਨਾਂ ਦੀ ਤਨਖਾਹ ਵਿੱਚ ਵਾਧਾ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ ਜੇਕਰ ਕੋਈ ਕੱਚਾ ਮੁਲਾਜ਼ਮ ਰੱਖਣਾ ਹੋਵੇ ਜਾਂ ਪਹਿਲਾਂ ਵਾਲੇ ਕੱਚੇ ਮੁਲਾਜ਼ਮ ਪੱਕੇ ਕਰਨੇ ਹੋਣ ਤਾਂ ਕੌਂਸਲਰ ਸਾਹਿਬਾਨ ਦੀ ਸਹਿਮਤੀ ਜਰੂਰ ਲਈ ਜਾਵੇ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਣਦੇ ਕੰਮ ਜਲਦ ਕਰਵਾਏ ਜਾਣ।

ਸ਼੍ਰੀਮਤੀ ਅਨੀਤਾ ਗੋਇਲ, ਕੌਂਸਲਰ ਵਾਰਡ ਨੰਬਰ 43 ਨੇ ਕਿਹਾ ਕਿ ਜਿਸ ਤਰ੍ਹਾਂ ਰੋਜ਼ ਗਾਰਡਨ ਵਿਖੇ ਬਣੇ ਸਾਈਕਲ ਸਟੈਂਡ ਦੀ ਕਰੋਨਾ ਮਹਾਮਾਰੀ ਕਾਰਨ ਬਣਦੀ ਠੇਕੇ ਦੀ ਰਕਮ ਹਾਊਸ ਵੱਲੋਂ ਮਾਫ ਕੀਤੀ ਗਈ ਹੈ, ਉਸੇ ਤਰ੍ਹਾਂ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਵਿਖੇ ਬਣੀਆਂ ਕੰਨਟੀਨਾਂ ਦੇ ਠੇਕੇ ਦੀ ਰਕਮ ਵੀ ਮਾਫ ਕੀਤੀ ਜਾਵੇ, ਕਿਉਂ ਜੋ ਕਰੋਨਾ ਕਾਲ ਦੋਰਾਨ ਇਹ ਕੰਨਟੀਨਾਂ ਵੀ ਬੰਦ ਰਹੀਆਂ ਸਨ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਵਾਰਡ ਨੰਬਰ 49 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਬਹੁਤ ਜਿਆਦਾ ਵਿਕਾਸ ਦੇ ਕੰਮ ਹੋਏ ਹਨ। ਉਹਨਾਂ ਇਸ ਸਬੰਧੀ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਸ਼੍ਰੀ ਜਸਵੀਰ ਸਿੰਘ, ਕੌਂਸਲਰ ਵਾਰਡ ਨੰਬਰ 34 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਅਮਰੀਕ ਸਿੰਘ ਰੋਡ ਤੇ ਬਰਸਾਤਾਂ ਦੋਰਾਨ ਪਹਿਲਾਂ ਪਾਣੀ ਕਈ-ਕਈ ਦਿਨ ਖੜ੍ਹਾ ਰਹਿੰਦਾ ਸੀ, ਜਿਸ ਨਾਲ ਲੋਕਾਂ ਨੂੰ ਬਹੁਤ ਜਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰੰਤੂ ਹੁਣ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਸਦਕਾ ਬਰਸਾਤੀ ਪਾਣੀ ਦਾ ਨਿਕਾਸ ਦੋ-ਤਿੰਨ ਘੰਟਿਆਂ ਵਿੱਚ ਹੀ ਹੋ ਜਾਂਦਾ ਹੈ। ਉਹਨਾਂ ਇਸ ਸਬੰਧੀ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਹਨਾਂ ਮੰਗ ਕੀਤੀ ਕਿ ਰੋਡ ਗੈਂਗ ਸ਼ਾਖਾ ਦੇ ਕਰਮਚਾਰੀਆਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ ਅਤੇ ਦਿੱਲੀ

ਹਾਰਟ ਹਸਪਤਾਲ ਦੇ ਸਾਹਮਣੇ ਇੱਕ ਵੱਡੀ ਲਾਈਟ ਲਗਾਈ ਜਾਵੇ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਦਸਿਆ ਗਿਆ ਕਿ ਨਿਗਮ ਵੱਲੋਂ ਰੋਡ ਗੈਂਗ ਸ਼ਾਖਾ ਦੇ ਕੰਮ ਲਈ ਦੋ ਟਾਟਾ ਏਸ ਗੱਡੀਆਂ ਦੀ ਖਰੀਦ ਕੀਤੀ ਜਾ ਰਹੀ ਹੈ। ਉਹਨਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਿੱਲੀ ਹਸਪਤਾਲ ਦੇ ਸਾਹਮਣੇ ਲੋੜ ਅਨੁਸਾਰ ਲਾਈਟ ਦਾ ਪ੍ਰਬੰਧ ਕੀਤਾ ਜਾਵੇ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਧੋਬੀਆਣਾ ਰੋਡ ਤੇ ਬਰਸਾਤੀ ਪਾਣੀ ਦਾ ਨਿਕਾਸ ਜਲਦ ਤੋਂ ਜਲਦ ਕਰਨ ਲਈ ਪਾਵਰ ਹਾਊਸ ਰੋਡ ਤੇ ਲਿੰਕ ਕਰਨ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ੍ਰ:ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਕਿਹਾ ਕਿ PMAY ਸਕੀਮ ਅਧੀਨ ਗਰੀਬ ਲੋਕਾਂ ਨੂੰ ਘਰ ਬਨਾਉਣ ਲਈ 1.50 ਲੱਖ ਰੁਪਏ ਦੇਣ ਖਾਤਰ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਪਰੰਤੂ 4 ਮਹੀਨੇ ਬੀਤਣ ਉਪਰੰਤ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਬਰਸਾਤਾਂ ਦੌਰਾਨ ਗਰੀਬ ਲੋਕਾਂ ਕੋਲ ਆਪਣਾ ਘਰ ਨਾ ਹੋਣ ਕਾਰਨ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਤਕਲੀਫ ਆ ਰਹੀ ਹੈ ਤਾਂ ਦਸਿਆ ਜਾਵੇ। ਉਹਨਾਂ ਵੱਲੋਂ ਜੋ ਵੀ ਫਾਇਲਾਂ ਸਨ, ਕਲੀਅਰ ਕਰ ਦਿੱਤੀਆਂ ਗਈਆਂ ਹਨ। ਫਿਰ ਵੀ ਜੇ ਕੋਈ ਕੇਸ ਪੈਡਿੰਗ ਹੈ ਤਾਂ ਦਸਿਆ ਜਾਵੇ। ਉਹਨਾਂ ਇਹ ਵੀ ਦਸਿਆ ਕਿ ਇਸ ਸਕੀਮ ਅਧੀਨ ਕਿਸੇ ਵੱਲੋਂ ਕੋਈ ਫੀਸ ਨਹੀਂ ਲਈ ਜਾਂਦੀ। ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਪਰਸ ਰਾਮ ਨਗਰ ਅਤੇ ਲਾਇਨੋਪਾਰ ਏਰੀਏ ਵਿੱਚੋਂ ਬਰਸਾਤੀ ਪਾਣੀ ਦੇ ਜਲਦ ਨਿਕਾਸ ਹੋਣ ਤੇ ਮਾਨਯੋਗ ਵਿੱਤ ਮੰਤਰੀ, ਪੰਜਾਬ ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਹਨਾਂ ਦਸਿਆ ਕਿ ਪਹਿਲਾਂ ਬਰਸਾਤੀ ਪਾਣੀ ਕਈ-ਕਈ ਦਿਨ ਪਰਸ ਰਾਮ ਨਗਰ ਮੇਨ ਰੋਡ ਤੇ ਖੜ੍ਹਾ ਰਹਿੰਦਾ ਸੀ ਅਤੇ ਦੁਕਾਨਾਂ ਬੰਦ ਰਹਿੰਦੀਆਂ ਸਨ। ਪਰੰਤੂ ਹੁਣ ਦੋ ਘੰਟਿਆਂ ਵਿੱਚ ਹੀ ਬਰਸਾਤੀ ਪਾਣੀ ਦਾ ਨਿਕਾਸ ਹੋਣ ਅਤੇ ਦੁਕਾਨਾਂ ਦੇ ਜਲਦੀ ਖੁੱਲਣ ਨਾਲ ਲੋਕਾਂ ਨੂੰ ਬਹੁਤ ਹੀ ਰਾਹਤ ਮਿਲੀ ਹੈ। ਉਹਨਾਂ ਮੰਗ ਕੀਤੀ ਕਿ ਪਰਸ ਰਾਮ ਨਗਰ ਮੇਨ ਰੋਡ ਤੇ ਜੋ ਪਲੱਗ ਲਗਾਉਣ ਦਾ ਕੰਮ ਚੱਲ ਰਿਹਾ ਹੈ, ਉਹ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਉਹਨਾਂ ਇਹ ਵੀ ਲਿਖਤੀ ਤੌਰ ਤੇ ਮੰਗ ਕੀਤੀ ਕਿ ਗੋਪਾਲ ਨਗਰ, ਗਲੀ ਨੰਬਰ 12 ਵਿਖੇ ਪੀਰਖਾਨੇ ਪਾਸ ਪਈ ਤਕਰੀਬਨ 700 ਗਜ਼ ਸ਼ਾਮਲਾਟ ਜਗ੍ਹਾ ਤੇ ਜਲਦ ਤੋਂ ਜਲਦ ਪਾਰਕ ਬਣਾਇਆ ਜਾਵੇ। ਉਹਨਾਂ ਰੋਡ ਗੈਗ ਸ਼ਾਖਾ ਵਿੱਚ ਕਰਮਚਾਰੀ ਵਧਾਉਣ ਦੀ ਵੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਰੋਡ ਗੈਂਡ ਸ਼ਾਖਾ ਲਈ ਦੋ ਟਿੱਪਰ ਹੋਰ ਲਏ ਜਾ ਰਹੇ ਹਨ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਵਾਰਡ ਨੰਬਰ 21 ਨੇ ਸੰਗੂਆਣਾ ਬਸਤੀ ਡਿਸਪੋਜ਼ਲ ਤੇ ਜੈਨਰੇਟਰ ਲਗਾਉਣ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਆਪਣੇ ਵਾਰਡ ਵਿੱਚ ਵਿਕਾਸ ਦੇ ਕੰਮ ਹੋਣ ਤੇ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਤ੍ਰਿਵੇਣੀ ਕੰਪਨੀ ਵੱਲੋਂ ਸੀਵਰੇਜ਼ ਦੀ ਸਫਾਈ ਨਹੀਂ ਕੀਤੀ ਜਾਂਦੀ। ਉਹਨਾਂ ਕਿਹਾ ਕਿ ਤ੍ਰਿਵੇਣੀ ਕੰਪਨੀ ਦੇ ਕੰਮ ਨਾ ਕਰਨ ਕਾਰਨ ਉਹ ਐਫੀਡੇਵਿਟ ਦੇਣ ਨੂੰ ਵੀ ਤਿਆਰ ਹਨ। ਉਹਨਾਂ ਤ੍ਰਿਵੇਣੀ ਕੰਪਨੀ ਪਾਸੋਂ ਕੰਮ ਵਾਪਸ ਲੈਣ ਦੀ ਮੰਗ ਕੀਤੀ।

ਸ਼੍ਰੀ ਉਮੇਸ਼ ਗਰਗ, ਕੌਂਸਲਰ ਵਾਰਡ ਨੰਬਰ 32 ਨੇ ਕੁੱਝ ਨਵੇਂ ਮੇਨਹੋਲ ਬਨਾਉਣ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਵਾਰਡ ਨੰਬਰ 26 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬਣੀਆਂ 4 ਨਵੀਆਂ ਸੜ੍ਹਕਾਂ ਬੈਠ ਗਈਆਂ ਹਨ। ਠੇਕੇਦਾਰ ਵੱਲੋਂ ਕੰਮ ਸਹੀ ਤਰੀਕੇ ਨਾਲ ਨਹੀਂ ਕੀਤਾ ਗਿਆ। ਉਹਨਾਂ ਠੇਕੇਦਾਰ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਕਿਲੇ ਦੇ ਆਸਪਾਸ ਲਗਭਗ 50-60 ਸਾਲ ਪੁਰਾਣੀਆਂ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਈਆਂ ਹੋਈਆਂ ਹਨ। ਉਹਨਾਂ ਪੂਜਾਂ ਵਾਲੇ ਮੁੱਹਲੇ ਅਤੇ ਹੋਰ ਨਾਲ ਲਗਦੇ ਮੁੱਹਲਿਆਂ ਵਿੱਚ ਪੀਣ ਵਾਲੇ ਪਾਣੀ ਦੀਆਂ ਪੁਰਾਣੀਆਂ ਪਾਈਪਾਂ ਬਦਲਣ ਦੀ ਮੰਗ ਕੀਤੀ। ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨੇ ਕਿਹਾ ਕਿ ਇਸ ਸਬੰਧੀ ਤਖਮੀਨਾ ਤਿਆਰ ਕਰਕੇ ਕੰਮ ਕਰਵਾ ਦਿੱਤਾ ਜਾਵੇਗਾ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਕਿਲੇ ਦੇ ਆਸਪਾਸ 5-7 ਘਰ ਅਜਿਹੇ ਹਨ, ਜਿੰਨ੍ਹਾਂ ਦੀਆਂ ਛੱਤਾਂ ਵੀ ਡਿਗਣ ਵਾਲੀਆਂ ਹਨ। ਉਹਨਾਂ ਕਿਹਾ ਕਿ ਇਹਨਾਂ ਘਰਾਂ ਦੇ PMAY ਸਕੀਮ ਤਹਿਤ ਕਾਗਜ਼ ਭਰੇ ਹੋਏ ਹਨ। ਪਰੰਤੂ ਕਿਲੇ ਦੇ ਆਸਪਾਸ ਦੇ ਮਕਾਨਾਂ ਦੀ ਰਜਿਸਟਰੀਆਂ ਨਾ ਹੋਣ ਕਾਰਨ ਇਹਨਾਂ ਨੂੰ PMAY ਸਕੀਮ ਤਹਿਤ ਗਰਾਂਟ ਦੇਣ ਵਿੱਚ ਦਿੱਕਤ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਨੂੰ ਗਰਾਂਟ ਦੇਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਜੇਕਰ ਕੋਈ ਅਜਿਹੇ ਕੇਸ ਹਨ, ਤਾਂ ਉਹਨਾਂ ਦੀ ਲਿਸਟ ਦਿੱਤੀ ਜਾਵੇ। ਇੰਨ੍ਹਾਂ ਕੇਸਾਂ ਨੂੰ ਸਪੈਸ਼ਲ ਕੇਸ ਅਨੁਸਾਰ ਵਿਚਾਰਦੇ ਹੋਏ ਫੈਸਲਾ ਕਰ ਦਿੱਤਾ ਜਾਵੇਗਾ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਵਾਰਡ ਵਿੱਚ ਸੀਵਰ ਦੇ ਮੇਨਹੋਲ ਉੱਚੇ ਚੁੱਕਣ ਅਤੇ ਜੋ ਢੱਕਣ ਦੱਬ ਗਏ ਹਨ, ਉਹਨਾਂ ਨੂੰ ਬਾਹਰ ਕੱਢਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਸ਼ਹਿਰ ਵਿੱਚ ਜਿਸ ਜਗ੍ਹਾ ਵੀ ਇਹ ਸਮੱਸਿਆ ਆ ਰਹੀ ਹੈ, ਉਸਦਾ ਜਲਦ ਤੋਂ ਜਲਦ ਹੱਲ ਕੀਤਾ ਜਾ ਰਿਹਾ ਹੈ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਇਸ ਉਪਰੰਤ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬਣੀ ਪੀਣ ਵਾਲੇ ਪਾਣੀ ਦੀ ਟੈਂਕੀ ਦੀ ਬੈਕਸਾਇਡ ਪਾਣੀ ਦਾ ਰਿਸਾਵ ਹੋਣ ਕਾਰਨ ਘਰਾਂ ਨੂੰ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ। ਕਈ ਘਰ ਡਿਗਣ ਵਾਲੇ ਹਨ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨੂੰ ਹਦਾਇਤ ਕੀਤੀ ਗਈ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀ ਸ਼ਾਮ ਲਾਲ, ਕੋਂਸਲਰ ਵਾਰਡ ਨੰਬਰ 24 ਨੇ ਉਹਨਾਂ ਦੇ ਵਾਰਡ ਵਿੱਚ ਬਹੁਤ ਜਿਆਦਾ ਵਿਕਾਸ ਦੇ ਕੰਮ ਕਰਾਉਣ ਤੇ ਮਾਨਯੋਗ ਵਿੱਤ ਮੰਤਰੀ, ਪੰਜਾਬ, ਸਮੁੱਚੇ ਹਾਊਸ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

ਸ਼੍ਰੀ ਮੱਖਣ ਸਿੰਘ, ਕੋਂਸਲਰ ਵਾਰਡ ਨੰਬਰ 20 ਨੇ ਕਿਹਾ ਕਿ ਅਮਰਪੁਰਾ ਬਸਤੀ, ਗਲੀ ਨੰਬਰ 3 ਮੇਨ ਸੜ੍ਹਕ ਤੇ ਅੱਗੇ ਜਾ ਕੇ ਬਰਸਾਤੀ ਪਾਣੀ ਖੜ੍ਹਾ ਹੋ ਜਾਂਦਾ ਹੈ। ਉਹਨਾਂ ਇਸ ਬਰਸਾਤੀ ਪਾਣੀ ਦੇ ਨਿਕਾਸ ਦਾ ਹੱਲ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਇਸ ਗਲੀ ਤੇ ਕਈ ਥਾਂਈਂ ਪੀਣ ਵਾਲੇ ਪਾਣੀ ਦੀ ਪਾਈਪ ਦੇ ਟੁੱਟ ਜਾਣ ਕਾਰਨ ਗੰਦਾ ਪਾਣੀ ਮਿਕਸ ਹੋ ਕੇ ਆਉਂਦਾ ਹੈ। ਉਹਨਾਂ ਨਰੂਆਣਾ ਰੋਡ ਦੇ ਡਿਸਪੋਜ਼ਲ ਤੇ ਸ਼ੈਡ ਪਾਉਣ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਵਿਵੇਕ ਗਰਗ, ਕੋਂਸਲਰ ਵਾਰਡ ਨੰਬਰ 14 ਨੇ ਆਪਣੇ ਵਾਰਡ ਵਿੱਚ ਰਹਿੰਦੇ ਵਿਕਾਸ ਦੇ ਕੰਮ ਕਰਾਉਣ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਵਾਰਡ ਨੰਬਰ 14 ਦਾ ਮੌਕਾ ਦੇਖ ਕੇ ਬਣਦੇ ਕੰਮ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਸੁਖਦੇਵ ਸਿੰਘ, ਕੋਂਸਲਰ ਵਾਰਡ ਨੰਬਰ 4 ਨੇ ਬਰਨਾਲਾ ਰੋਡ ਨੈਸ਼ਨਲ ਹਾਈਵੇ ਤੇ ਖੜੇ ਹੋਣ ਵਾਲੇ ਬਰਸਾਤੀ ਪਾਣੀ ਦੇ ਨਿਕਾਸ ਦਾ ਜਲਦ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਵੱਲੋਂ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਨੈਸ਼ਨਲ ਹਾਈਵੇ ਦੇ ਸਬੰਧਤ ਅਧਿਕਾਰੀਆਂ ਨੂੰ ਲਿਖਿਆ ਜਾਵੇ ਅਤੇ ਸਮੱਸਿਆ ਦਾ ਹੱਲ ਕਰਵਾਇਆ ਜਾਵੇ।

ਮੀਟਿੰਗ ਦੇ ਆਖੀਰ ਵਿੱਚ ਮੇਅਰ ਨਗਰ ਨਿਗਮ ਬਠਿੰਡਾ ਜੀ ਵੱਲੋਂ ਸਮੂਹ ਹਾਜ਼ਰ ਕੋਂਸਲਰਜ਼ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਖਤਮ ਕੀਤੀ ਗਈ।

ਸਹੀ/-
**ਮੇਅਰ**
**ਨਗਰ ਨਿਗਮ,ਬਠਿੰਡਾ।**

**ਕਾਰਵਾਈ – ਜਨਰਲ ਹਾਊਸ ਮੀਟਿੰਗ ਮਿਤੀ 27.08.2021 ਨੂੰ ਸਵੇਰੇ 11.00 ਵਜੇ।**

ਪਿੱਠ ਅੰਕਣ ਨੰਬਰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ. ਟੂ ਕਮਿਸ਼ਨਰ
2. ਸਮੂਹ ਨਿਗਰਾਨ ਇੰਜੀਨੀਅਰ
3. ਸਮੂਹ ਨਿਗਮ ਇੰਜੀਨੀਅਰ
4. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
5. ਡਿਪਟੀ ਕੰਟਰੋਲਰ (ਲੋਕਲ ਆਡਿਟ)
6. ਸਮੂਹ ਚੀਫ ਸੈਨਟਰੀ ਇੰਸਪੈਕਟਰ
7. ਸਹਾਇਕ ਮੰਡਲ ਫਾਇਰ ਅਫਸਰ
8. ਸਮੂਹ ਸਬੰਧਤ ਸ਼ਾਖਾ ਮੁੱਖੀ
9. ਸਟੋਰਕੀਪਰ

ਨੂੰ ਸੁਚਨਾਂ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ**
**ਨਗਰ ਨਿਗਮ, ਬਠਿੰਡਾ।**